Vide R.N.I. No. Pun-Pun 2002/8323

ASR/0001/2024/26

ੴ ਸਤਿਗੁਰ ਪ੍ਰਸਾਦਿ ।।

ਸਚੀ ਤੇਰੀ ਸਿਫਤਿ ਸਚੀ ਸਾਲਾਹ ॥ ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ ॥

ਭੇਟਾ: 25/-

ਧੰਨ ਧੰਨ ਮਾਤਾ ਕੌਲਾਂ ਜੀ

# ਸਿਫਤਿ ਸਾਲਾਹ

ਨਿਰੋਲ ਧਾਰਮਿਕ ਪੱਤ੍ਰਿਕਾ

ਅੰਕ: 157

D.O.P. 15 May 2024

ਆਪਣੇ ਗੁਰੂ ਸਾਹਿਬ ਤੋਂ ਬਿਨਾਂ ਕਿਤੇ ਹੋਰ ਝੋਲੀ ਨਾ ਅੱਡੀਏ !

ਅੰਦਰ ਪੜ੍ਹੋ ਜੀ



ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ

ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ॥ ਭਗਤ ਜਨਾ ਕੈ ਮਨਿ ਬਿਸ੍ਰਾਮ॥




ਗੁਰਦੁਆਰਾ ਮੰਜੀ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਗੁ: ਸ੍ਰੀ ਰਾਮਸਰ ਸਾਹਿਬ ਦੇ ਨਾਲ ਸੁਸ਼ੋਭਿਤ ਹੈ। ਜਿੱਥੇ ਸ਼ਹੀਦਾਂ ਦੇ ਸਿਰਤਾਜ ਪੰਚਮ ਪਾਤਸ਼ਾਹ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬੇਰੀ ਦੇ ਰੁੱਖ ਹੇਠ ਇੱਕ ਥੜ੍ਹਾ ਹੈ ਜਿੱਥੇ ਬੈਠ ਕੇ ਸ੍ਰੀ ਸੁਖਮਨੀ ਸਾਹਿਬ ਜੀ ਦੀ ਬਾਣੀ ਦਾ ਉਚਾਰਨ ਕੀਤਾ।

# ਸ਼ੁਕਰਾਨਾ ਸਮਾਗਮ

# 30ਵਾਂ ਸਾਲਾਨਾ ਸਮਾਗਮ

## ਬੀਬੀ ਭਾਨੀ ਜੀ ਭਲਾਈ ਕੇਂਦਰ ਚੈਰੀਟੇਬਲ ਟਰੱਸਟ ਰਜਿ: ਲੁਧਿਆਣਾ

(ਸਰਪ੍ਰਸਤ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ, ਮੈਨੇਜਿੰਗ ਟਰੱਸਟੀ ਸ੍ਰ. ਹਰਭਜਨ ਸਿੰਘ ਜੀ)

ਸਤਿਗੁਰੂ ਜੀ ਦੀ ਕਿਰਪਾ ਨਾਲ ਬੀਬੀ ਭਾਨੀ ਜੀ ਭਲਾਈ ਕੇਂਦਰ ਚੈਰੀਟੇਬਲ ਟਰੱਸਟ ਰਜਿ: ਲੁਧਿਆਣਾ ਦੀਆਂ 30 ਸਾਲਾਂ ਤੋਂ ਚੱਲ ਰਹੀਆਂ ਨਿਰੰਤਰ ਸੇਵਾਵਾਂ ਦਾ ਸ਼ੁਕਰਾਨਾ ਸਮਾਗਮ ਬੀਬੀ ਕੌਲਾਂ ਜੀ ਭਲਾਈ ਕੇਂਦਰ ਵਿਖੇ ਮਿਤੀ 15 ਫਰਵਰੀ, 2024 ਨੂੰ ਕਰਵਾਇਆ ਗਿਆ। ਜਿਸ ਵਿੱਚ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ, ਸਿੰਘ ਸਾਹਿਬ ਸਾਹਿਬ ਗਿਆਨੀ ਬਲਵਿੰਦਰ ਸਿੰਘ ਜੀ, ਭਾਈ ਹਰਵਿੰਦਰਪਾਲ ਸਿੰਘ ਜੀ ਲਿਟਲ, ਮਾਤਾ ਵਿਪਨਪ੍ਰੀਤ ਕੌਰ ਜੀ ਲੁਧਿਆਣੇ ਵਾਲਿਆਂ ਨੇ ਹਾਜ਼ਰੀਆਂ ਭਰੀਆਂ। ਇਸ ਸਮਾਗਮ ਵਿੱਚ ਬੀਬੀ ਭਾਨੀ ਜੀ ਭਲਾਈ ਕੇਂਦਰ ਚੈਰੀਟੇਬਲ ਟਰੱਸਟ ਦੇ ਸਰਪ੍ਰਸਤ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ, ਮੈਨੇਜਿੰਗ ਟਰੱਸਟੀ ਸ੍ਰ. ਹਰਭਜਨ ਸਿੰਘ ਜੀ, ਬੀਬੀ ਦਲਜੀਤ ਕੌਰ ਜੀ, ਭਾਈ ਅਰਵਿੰਦਰਪਾਲ ਸਿੰਘ ਜੀ ਅਤੇ ਸਮੂਹ ਸਹਿਯੋਗੀਆਂ ਨੇ ਸੰਗਤਾਂ ਸਮੇਤ ਹਾਜ਼ਰੀਆਂ ਭਰੀਆਂ।














ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ, ਸਿੰਘ ਸਾਹਿਬ ਗਿਆਨੀ ਬਲਵਿੰਦਰ ਸਿੰਘ ਜੀ (ਗ੍ਰੰਥੀ ਸ੍ਰੀ ਦਰਬਾਰ ਸਾਹਿਬ), ਭਾਈ ਹਰਭਜਨ ਸਿੰਘ ਜੀ, ਬੀਬੀ ਦਲਜੀਤ ਕੌਰ, ਭਾਈ ਅਰਵਿੰਦਰਪਾਲ ਸਿੰਘ ਅਤੇ ਸਮੂਹ ਸਹਿਯੋਗੀਆਂ ਨੂੰ ਸਨਮਾਨਿਤ ਕਰਦੇ ਹੋਏ।

Asr. G.P.O.No. PB0001/ 2024-26

ੴ ਸਤਿਗੁਰ ਪ੍ਰਸਾਦਿ।।

ਅੰਕ-157ਵਾਂ (2024)

ਧੰਨ ਧੰਨ ਮਾਤਾ ਕੌਲਾਂ ਜੀ

# ਸਿਫਤਿ ਸਾਲਾਹ

ਨਿਰੋਲ ਧਾਰਮਿਕ ਪੱਤ੍ਰਿਕਾ

E-mail : sifitsalah@yahoo.com
Website : www.bibikaulanjibhalaikendertrust.org

**ਸਰਪ੍ਰਸਤ**
ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ

**ਮੁੱਖ ਸੰਪਾਦਕ**
ਭਾਈ ਹਰਵਿੰਦਰ ਪਾਲ ਸਿੰਘ ਲਿਟਲ

**ਸਹਾਇਕ ਸੰਪਾਦਕ**
ਭਾਈ ਹਰਵਿੰਦਰ ਸਿੰਘ (ਡੀ ਸੀ)

**ਸੰਪਾਦਕੀ ਬੋਰਡ**
ਭਾਈ ਜਸਵਿੰਦਰ ਸਿੰਘ (ਪਟਿਆਲਾ), ਭਾਈ ਤੇਜਪਾਲ ਸਿੰਘ, ਭਾਈ ਪਾਲ ਸਿੰਘ
ਬੀਬੀ ਪਰਮਜੀਤ ਕੌਰ (ਪੰਮਾ ਭੈਣ ਜੀ), ਭਾਈ ਅੰਮ੍ਰਿਤਪਾਲ ਸਿੰਘ, ਸ. ਕਮਲਪ੍ਰੀਤ ਸਿੰਘ
ਸ. ਕੁਲਬੀਰ ਸਿੰਘ (ਸਿਵਲ ਲਾਈਨ ਵਾਲੇ), ਸ. ਹਰਮਿੰਦਰ ਸਿੰਘ, ਸ. ਰਮਿੰਦਰ ਸਿੰਘ

**ਐਡਵੋਕੇਟ**
ਸ. ਸੁਰਿੰਦਰ ਸਿੰਘ ਕੰਵਰ

**ਸਲਾਹਕਾਰ**
ਸ. ਟਹਿਲਇੰਦਰ ਸਿੰਘ

**ਵਿਸ਼ੇਸ਼ ਸਹਿਯੋਗ**
ਸ. ਹਰਭਜਨ ਸਿੰਘ ਲੁਧਿਆਣਾ

**ਕੰਪਿਊਟਰ**
ਸਿਫਤਿ ਸਾਲਾਹ ਦਫਤਰ

**ਪ੍ਰਕਾਸ਼ਕ**
ਗੁਰਮਤਿ ਸਤਿਸੰਗ ਸਭਾ
ਧੰਨ ਧੰਨ ਬੀਬੀ ਕੌਲਾਂ ਜੀ (ਰਜਿ.)
ਸ੍ਰੀ ਅੰਮ੍ਰਿਤਸਰ।

ਨਾਮ :- ਧੰਨ ਧੰਨ ਮਾਤਾ ਕੌਲਾਂ ਜੀ ਸਿਫਤਿ ਸਾਲਾਹ
ਖਾਤਾ ਨੰ. 55031111026 ਬੈਂਕ :- ਸਟੇਟ ਬੈਂਕ ਆਫ ਇੰਡੀਆ
IFSC ਕੋਡ ਨੰ. SBIN0050245
ਬ੍ਰਾਂਚ :- ਚਾਟੀਵਿੰਡ ਚੌਂਕ, ਅੰਮ੍ਰਿਤਸਰ।

**ਚੰਦਾ**

| ਦੇਸ਼ | | ਵਿਦੇਸ਼ | |
|---|---|---|---|
| ਸਲਾਨਾ ਚੰਦਾ | 150 ਰੁ. | ਸਲਾਨਾ ਚੰਦਾ | 1200 ਰੁ. |
| 2 ਸਾਲ ਲਈ | 300 ਰੁ. | 2 ਸਾਲ ਲਈ | 2400 ਰੁ. |
| 5 ਸਾਲ ਲਈ | 600 ਰੁ. | 5 ਸਾਲ ਲਈ | 4800 ਰੁ. |
| ਲਾਈਫ ਮੈਂਬਰਸ਼ਿਪ | 2400 ਰੁ. | ਲਾਈਫ ਮੈਂਬਰਸ਼ਿਪ | 19200 ਰੁ. |

**ਚਿੱਠੀ-ਪੱਤਰ ਅਤੇ ਚੰਦਾ ਭੇਜਣ ਦਾ ਪਤਾ**

ਦਫਤਰ: **ਸਿਫਤਿ ਸਾਲਾਹ**, ਬੀਬੀ ਕੌਲਾਂ ਜੀ ਭਲਾਈ ਕੇਂਦਰ (ਟਰੱਸਟ)
ਤਰਨ ਤਾਰਨ ਰੋਡ, ਸ੍ਰੀ ਅੰਮ੍ਰਿਤਸਰ-143006 ਫੋਨ : 98765-25850

## ਤਤਕਰਾ

- ਸੰਪਾਦਕੀ 4
- ਆਪਣੇ ਗੁਰੂ ਸਾਹਿਬ ਤੋਂ ਬਿਨਾਂ ਕਿਤੇ ਹੋਰ ਝੋਲੀ ਨਾ ਅੱਡੀਏ! 5
- ਨੌਂਵੇਂ ਪਾਤਸ਼ਾਹ ਜੀ ਦੇ ਸਲੋਕਾਂ ਦੀ ਵਿਚਾਰ 11
- ਜ਼ਿੰਦਗੀ ਦੀਆਂ ਬਰੀਕੀਆਂ 15
- ਰਸਾਲਾ ਬੁੱਕ ਕਰਵਾਉਣ ਵਾਸਤੇ ਪਾਠਕਾਂ ਨੂੰ ਜ਼ਰੂਰੀ ਬੇਨਤੀ 17
- ਅਧਿਆਤਮਿਕ ਵਿਚਾਰਾਂ 18
- ਧੰਨ ਧੰਨ ਬਾਬਾ ਕੁੰਦਨ ਸਿੰਘ ਜੀ 19
- ਦਸਵੇਂ ਪਾਤਸ਼ਾਹ ਜੀ ਦੇ ਚਰਨਾਂ ਨਾਲ ਲਗਨ ਧੰਨ ਧੰਨ ਭਾਈ ਨੰਦ ਲਾਲ ਜੀ ਨੂੰ ਕਿਸ ਨੇ ਲਗਾਈ? 21
- 400 ਸਾਲ ਗੁਰ ਇਤਿਹਾਸ ਦੇ ਨਾਲ 30
- ਅਨਮੋਲ ਵਿਚਾਰ 31
- ਅਨਮੋਲ ਬਚਨ 32
- दो सिक्खों के जीवन में से श्री गुरु अर्जुन देव जी ने किस युक्ति से झूठ छुड़वाया? 33
- जिंदगी की बारीकियाँ 40
- Story of Incarnation of the Sixth Master Sri Guru Hargobind Sahib Ji 42

*ਨੋਟ :* ਸਿਫਤਿ ਸਾਲਾਹ ਵਿੱਚ ਛਪੇ ਲੇਖ ਤੇ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਆਪਣੇ ਹਨ, ਸੰਪਾਦਕੀ ਬੋਰਡ ਸਿਫਤਿ ਸਾਲਾਹ ਦਾ ਇਨ੍ਹਾਂ ਵਿਚਾਰਾਂ ਦੇ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। -ਸੰਪਾਦਕ

# ਸੰਪਾਦਕੀ...

ਗੁਰੂ ਕੀ ਪਿਆਰੀ ਸਾਧ ਸੰਗਤ ਜੀ,

**ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥**

ਪੰਜਾਬ ਦੇ ਤਰਨ ਤਾਰਨ ਜ਼ਿਲ੍ਹੇ ਦਾ ਇੱਕ ਪਿੰਡ ਹੈ, ਸਿੱਧਵਾਂ। ਬਾਰਡਰ ਦਾ ਇਲਾਕਾ, ਤਹਿਸੀਲ ਪੱਟੀ ਪਰ ਇਹ ਪਿੰਡ ਸਿੱਖ ਪੰਥ ਦੇ ਸੁਨਹਿਰੇ ਇਤਿਹਾਸ ਦੀਆਂ ਯਾਦਾਂ ਨੂੰ ਆਪਣੀ ਬੁੱਕਲ ਵਿੱਚ ਸਮੋਈ ਬੈਠਾ ਹੈ। ਇਸ ਪਿੰਡ ਨੇ ਸਿੱਖ ਪੰਥ ਨੂੰ ਇੱਕ ਅਜਿਹੀ ਬ੍ਰਹਮ ਬਿਰਤੀ ਵਾਲੇ ਸੂਰਬੀਰ ਅਭਿਆਸੀ ਸ਼ਖਸੀਅਤ ਨੂੰ ਜਨਮ ਦਿੱਤਾ ਹੈ ਜਿਨ੍ਹਾਂ ਦਾ ਨਾਂ ਲੈਂਦਿਆਂ ਅੰਦਰ ਠੰਡ ਪੈ ਜਾਂਦੀ ਹੈ, ਪਾਪਾਂ ਦਾ ਨਾਸ ਹੋ ਜਾਂਦਾ ਹੈ, ਅੰਦਰ ਪ੍ਰੇਮਾ ਭਗਤੀ ਦਾ ਚਾਅ ਉਮਡ ਪੈਂਦਾ ਹੈ। ਇਹ ਪਾਵਨ ਨਾਂ ਹੈ- ਧੰਨ ਭਾਈ ਜੇਠਾ ਜੀ। ਧੰਨ ਭਾਈ ਜੇਠਾ ਜੀ ਐਸੇ ਰੰਗ ਰਤੜੇ ਸਿੱਖ ਹੋਏ ਹਨ ਜਿਨ੍ਹਾਂ ਨੂੰ ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ, ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਅਤੇ ਧੰਨ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਮਹਾਰਾਜ ਦੇ ਪਾਵਨ ਚਰਨਾਂ ਵਿੱਚ ਰਹਿਣ, ਉਨ੍ਹਾਂ ਦੀ ਸੇਵਾ ਕਰਨ ਅਤੇ ਉਨ੍ਹਾਂ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦਾ ਸੁਭਾਗ ਸਮਾਂ ਪ੍ਰਾਪਤ ਹੋਇਆ ਹੈ।

ਇਹ ਐਸੇ ਬ੍ਰਹਮਬੇਤਾ ਸਿੱਖ ਹੋਏ ਹਨ ਜਿਨ੍ਹਾਂ ਦੀ ਝੋਲੀ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਅੰਮ੍ਰਿਤ ਸਰੋਵਰ ਦੇ ਇੱਕ ਪਾਸੇ ਦੇ ਪੌੜਾਂ ਦੀ ਸੇਵਾ ਪਾਈ ਅਤੇ ਇਨ੍ਹਾਂ ਨੇ ਪੂਰਨ ਤਨਦੇਹੀ ਨਾਲ ਪਾਵਨ ਸਰੋਵਰ ਦੀ ਕਾਰ ਸੇਵਾ ਵਿੱਚ ਨਿਮਾਣਾ ਸਿੱਖ ਬਣ ਕੇ ਸਾਰੀ ਸੇਵਾ ਨੂੰ ਨਿਭਾਇਆ। ਇੰਨੀ ਗੁਰੂ ਸਾਹਿਬ ਦੀ ਖੁਸ਼ੀ ਸੀ, ਧੰਨ ਭਾਈ ਜੇਠਾ ਜੀ ਤੇ, ਇੰਨੇ ਪਿਆਰੇ ਸਿੱਖ ਸਨ ਭਾਈ ਜੇਠਾ ਜੀ, ਪੰਜਵੇਂ ਪਾਤਸ਼ਾਹ ਜੀ ਦੇ ਕਿ ਆਪਣੀ ਸ਼ਹੀਦੀ ਦੇਣ ਲਈ ਲਾਹੌਰ ਜਾਣ ਸਮੇਂ ਵੀ ਸਤਿਗੁਰੂ ਜੀ ਨੇ ਇਨ੍ਹਾਂ ਨੂੰ ਆਪਣੇ ਨਾਲ ਰੱਖਿਆ। ਪੰਜਵੇਂ ਪਾਤਸ਼ਾਹ ਜੀ ਦੀ ਸ਼ਹੀਦੀ ਤੋਂ ਬਾਅਦ ਜਦੋਂ ਦੋਵੇਂ ਜਹਾਨ ਦੇ ਵਾਲੀ, ਬੰਦੀ ਛੋੜ ਦਾਤਾ ਧੰਨ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਮਹਾਰਾਜ ਗੁਰਿਆਈ ਤੇ ਬਿਰਾਜਮਾਨ ਹੋਏ ਤੇ ਸਿੱਖਾਂ ਅੰਦਰ ਸੂਰਬੀਰਤਾ ਭਰਨ ਲਈ ਫੌਜ ਰੱਖਣ ਦੀ ਕਵਾਇਦ ਤੋਰੀ ਤੇ ਛੇਵੇਂ ਪਾਤਸ਼ਾਹ ਜੀ ਨੇ ਭਾਈ ਜੇਠਾ ਜੀ ਨੂੰ ਇੱਕ ਟੁਕੜੀ ਦਾ ਜਰਨੈਲ ਨਿਯੁਕਤ ਕੀਤਾ ਅਤੇ ਇਨ੍ਹਾਂ ਦੀ ਅਗਵਾਈ ਵਿੱਚ 100 ਘੋੜ ਸਵਾਰ ਹਰ ਸਮੇਂ ਤਿਆਰ-ਬਰ-ਤਿਆਰ ਰਹਿ ਕੇ ਛੇਵੇਂ ਪਾਤਸ਼ਾਹ ਜੀ ਦੇ ਹੁਕਮ ਦੀ ਉਡੀਕ ਕਰਦੇ ਸਨ। ਕੈਸਾ ਪਿਆਰ ਸੀ, ਗੁਰੂ ਸਾਹਿਬ ਦਾ ਧੰਨ ਭਾਈ ਜੇਠਾ ਜੀ ਨਾਲ ਕਿ ਛੇਵੇਂ ਪਾਤਸ਼ਾਹ ਜੀ ਜਦੋਂ ਕਲਾ ਵਰਤਾ ਕੇ ਗਵਾਲੀਅਰ ਦੇ ਕਿਲ੍ਹੇ ਵਿੱਚ 52 ਰਾਜਿਆਂ ਦੀ ਬੰਦ ਖਲਾਸੀ ਕਰਵਾਉਣ ਲਈ ਗਏ ਤਾਂ ਉਸ ਵੇਲੇ ਵੀ ਧੰਨ ਭਾਈ ਜੇਠਾ ਜੀ ਨੂੰ ਨਾਲ ਹੀ ਰੱਖਿਆ।

ਹੋਰ ਕਮਾਲ ਦੀ ਗੱਲ, ਗਵਾਲੀਅਰ ਦੇ ਕਿਲ੍ਹੇ ਵਿੱਚ ਰਹਿਣ ਸਮੇਂ ਭਾਈ ਜੇਠਾ ਜੀ ਦਿਨ ਵੇਲੇ ਕਿਰਤ ਕਰਕੇ ਜੋ ਲੰਗਰ ਤਿਆਰ ਕਰਦੇ ਸਨ, ਉਹੀ ਛੇਵੇਂ ਪਾਤਸ਼ਾਹ ਜੀ ਛਕਦੇ ਸਨ। ਇੱਥੋਂ ਤੱਕ ਜਹਾਂਗੀਰ ਨੂੰ ਸ਼ੇਰ ਦਾ ਰੂਪ ਧਾਰ ਕੇ ਸੁਪਨੇ ਵਿੱਚ ਡਰਾਉਂਦੇ ਵੀ ਸਨ ਕਿ ਤੂੰ ਸ੍ਰਿਸ਼ਟੀ ਦੇ ਮਾਲਕ ਨੂੰ ਬਿਨਾਂ ਵਜ੍ਹਾ ਤੋਂ ਕਿਉਂ ਗਵਾਲੀਅਰ ਦੇ ਕਿਲ੍ਹੇ ਵਿੱਚ ਬੰਦ ਕੀਤਾ ਹੋਇਆ ਹੈ। ਅਜਿਹੀ ਲਾਮਿਸਾਲ ਸ਼ਖਸੀਅਤ, ਬੰਦਗੀ ਦੀ ਮੂਰਤ, ਸੂਰਬੀਰ ਯੋਧੇ, ਬ੍ਰਹਮ ਗਿਆਨੀ ਧੰਨ ਭਾਈ ਜੇਠਾ ਜੀ ਨੇ 16 ਮੱਘਰ (1 ਦਸੰਬਰ), 1631 ਨੂੰ ਮਹਿਰਾਜ ਦੀ ਜੰਗ ਵਿੱਚ ਦੁਸ਼ਮਣ ਨਾਲ ਲੋਹਾ ਲੈਂਦਿਆਂ ਸ਼ਹੀਦੀ ਦਾ ਜਾਮ ਪੀਤਾ। ਅਜਿਹੇ ਸਿਦਕੀ ਸਿੱਖ ਦੀ ਯਾਦ ਵਿੱਚ ਬਹੁਤ ਸੁੰਦਰ ਗੁਰਧਾਮ ਸਿੱਧਵਾਂ ਪਿੰਡ ਵਿਖੇ ਸੁਭਾਇਮਾਨ ਹੈ ਜਿੱਥੇ ਬਾਬਾ ਜੀ ਦੇ ਜਨਮ ਦਿਹਾੜੇ ਤੇ ਸ਼ਹੀਦੀ ਦਿਹਾੜੇ ਤੇ ਭਾਰੀ ਦੀਵਾਨ ਸਜਦੇ ਹਨ। ਗੁਰੂ ਸਾਹਿਬ ਦੀ ਕਿਰਪਾ ਨਾਲ ਅਸੀਂ ਵੀ ਉਨ੍ਹਾਂ ਦੇ ਪਾਏ ਪੂਰਨਿਆਂ ਤੇ ਕਿਨਕਾ ਮਾਤਰ ਚੱਲਣ ਦਾ ਯਤਨ ਕਰੀਏ। ਇਹੀ ਉਨ੍ਹਾਂ ਪ੍ਰਤੀ ਸੱਚੀ ਸ਼ਰਧਾਂਜਲੀ ਹੋਵੇਗੀ।

**ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥**

*—ਸੰਪਾਦਕ*

VCD 4

# ਆਪਣੇ ਗੁਰੂ ਸਾਹਿਬ ਤੋਂ ਬਿਨਾਂ ਕਿਤੇ ਹੋਰ ਝੋਲੀ ਨਾ ਅੱਡੀਏ !

## ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਪ੍ਰਤੀ ਭਾਈ ਤਿਲਕਾ ਜੀ ਦਾ ਅਟੁੱਟ ਵਿਸ਼ਵਾਸ

### ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੁਆਰਾ ਦਿੱਤੇ ਗਏ ਪ੍ਰੋਗਰਾਮ ਦਾ ਉਤਾਰਾ

*—ਜਸਵਿੰਦਰ ਸਿੰਘ (ਪਟਿਆਲਾ)*

*ਅੰਤੁ ਨ ਪਾਵਤ ਦੇਵ ਸਬੈ ਮੁਨਿ*
*ਇੰਦ੍ਰ ਮਹਾ ਸਿਵ ਜੋਗ ਕਰੀ ॥*
*ਫੁਨਿ ਬੇਦ ਬਿਰੰਚਿ ਬਿਚਾਰਿ ਰਹਿਓ*
*ਹਰਿ ਜਾਪੁ ਨ ਛਾਡ੍ਹਿਉ ਏਕ ਘਰੀ ॥*
*ਮਥੁਰਾ ਜਨ ਕੋ ਪ੍ਰਭੁ ਦੀਨ ਦਯਾਲੁ ਹੈ*
*ਸੰਗਤਿ ਸ੍ਰਿਸ੍ਟਿ ਨਿਹਾਲੁ ਕਰੀ ॥*
*ਰਾਮਦਾਸਿ ਗੁਰੂ ਜਗ ਤਾਰਨ ਕਉ*
*ਗੁਰ ਜੋਤਿ ਅਰਜੁਨ ਮਾਹਿ ਧਰੀ ॥੪॥*

*(ਅੰਗ ੧੪੦੯)*

ਧੰਨ ਸ੍ਰੀ ਗੁਰੂ ਅਰਜਨ ਦੇਵ ਜੀ, ਉਨ੍ਹਾਂ ਦੇ ਪਿਆਰ ਤੇ ਸਤਿਕਾਰ ਵਿੱਚ ਸਾਰੀ ਸੰਗਤ ਗਜ ਕੇ ਆਖੋ ਸਤਿਨਾਮੁ ਸ੍ਰੀ ਵਾਹਿਗੁਰੂ ਜੀ।

ਅੱਜ ਜਿਹੜੀਆਂ ਪੰਕਤੀਆਂ ਪੜ੍ਹ ਰਹੇ ਹਾਂ, ਇਨ੍ਹਾਂ ਪੰਕਤੀਆਂ ਦਾ ਅਰਥ, ਗਿਆਨ ਹਿਰਦੇ ਵਿੱਚ ਵਸਾਉਣਾ। ਸ਼ਾਇਦ ਫਿਰ ਜ਼ਿੰਦਗੀ ਵਿੱਚ ਕਦੀ ਦੂਜਾ ਬੂਹਾ ਨਹੀਂ ਖੜਕੇਗਾ। ਕਿੰਨੀ ਵੱਡੀ ਭਾਵਨਾ ਹੈ, ਇਨ੍ਹਾਂ ਪੰਕਤੀਆਂ ਵਿੱਚ। ਜੋਗ ਦਾ ਅਰਥ ਹੈ, ਨਮਸਕਾਰ ਕਰਨੀ। ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਕੇਵਲ ਅਸੀਂ ਦੁਨਿਆਵੀ ਜੀਵ ਆਪ ਜੀ ਨੂੰ ਨਮਸਕਾਰ ਨਹੀਂ ਕਰ ਰਹੇ, ਧੰਨ ਸ੍ਰੀ ਗੁਰੂ ਅਰਜਨ ਦੇਵ ਜੀ, ਆਪ ਜੀ ਇੰਨੇ ਵੱਡੇ ਹੋ, ਅਨੇਕਾਂ ਰਿਸ਼ੀ-ਮੁਨੀ, ਦੇਵੀ-ਦੇਵਤੇ ਆਪ ਜੀ ਨੂੰ ਨਮਸਕਾਰਾਂ, ਡੰਡੋਉਤਾਂ ਕਰਦੇ ਹਨ।

ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਸ਼ਹੀਦੀ ਦਿਹਾੜਾ ਆ ਰਿਹਾ ਹੈ, ਇਸ ਸ਼ਹੀਦੀ ਦਿਹਾੜੇ ਤੇ ਸਤਿਗੁਰੂ ਜੀ ਅੱਗੇ ਝੋਲੀ ਅੱਡ ਲਓ ਕਿ ਗੁਰੂ ਸਾਹਿਬ ਜੀ, ਪਤਾ ਨਹੀਂ, ਮੇਰੀ ਉਮਰ 20 ਸਾਲ ਹੋਰ ਹੈ, 10 ਸਾਲ ਹੋਰ ਹੈ ਜਾਂ 5 ਸਾਲ ਹੋਰ ਹੈ। ਇੰਨੀ ਕਿਰਪਾ ਕਰਿਓ ਕਿ ਮੇਰੀਆਂ ਅੱਖਾਂ ਇਸ ਜਨਮ ਵਿੱਚ ਆਪ ਜੀ ਨੂੰ ਪਛਾਣ ਲੈਣ। ਤੁਸੀਂ ਕੌਣ ਹੋ? ਪਛਾਣ ਲਈਏ। ਗੁਰੂ ਪਿਆਰਿਓ, ਪਛਾਨਣ ਵਾਲਾ ਵੱਡਾ ਹੈ। ਦਰਸ਼ਨ ਕਰਨ ਵਾਲੇ ਤੋਂ ਪਛਾਨਣ ਵਾਲਾ ਵੱਡਾ ਹੈ।

***ਤੇਰੀ ਕੁਦਰਤਿ ਤੂਹੈ ਜਾਣਹਿ ਅਉਰੁ ਨ ਦੂਜਾ ਜਾਣੈ ॥***
***ਜਿਸ ਨੋ ਕ੍ਰਿਪਾ ਕਰਹਿ ਮੇਰੇ ਪਿਆਰੇ ਸੋਈ ਤੁਝੈ ਪਛਾਣੈ ॥੧॥***

*(ਅੰਗ ੧੧੮੫)*

ਇਸ ਸ਼ਹੀਦੀ ਦਿਹਾੜੇ ਤੇ ਅਸੀਂ ਸਤਿਗੁਰੂ ਜੀ ਨੂੰ ਪਛਾਣ ਲਈਏ, ਫਿਰ ਕਦੀ ਦੂਜਾ ਬੂਹਾ ਨਹੀਂ ਖੜਕੇਗਾ। ਜਿਹੜਾ ਪਛਾਣ ਲਵੇ, ਉਹ ਵਿਕ ਜਾਂਦਾ ਹੈ। ਜਿਹੜਾ ਪਛਾਣ ਲਵੇ, ਸਤਿਕਾਰ ਸਭ ਦਾ ਕਰੇਗਾ ਪਰ ਇਹ ਪੰਕਤੀਆਂ ਉਸ ਦੀ ਜ਼ਿੰਦਗੀ ਵਿੱਚ ਆ ਜਾਂਦੀਆਂ ਹਨ। ਕਿਹੜੀਆਂ ਪੰਕਤੀਆਂ :

***ਆਵਹੁ ਸੰਤ ਪਿਆਰਿਹੋ ਅਕਥ ਕੀ ਕਰਹ ਕਹਾਣੀ ॥***

*ਕਰਹ ਕਹਾਣੀ ਅਕਥ ਕੇਰੀ ਕਿਤੁ ਦੁਆਰੈ ਪਾਈਐ ॥*
*ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ ॥*
*(ਅੰਗ ੯੧੮)*

ਇਹ ਜਿਸ ਦਿਨ ਪਛਾਣ ਹੋ ਜਾਵੇਗੀ, ਕੋਈ ਸੌਨੇ ਦਾ ਵੀ ਬਣ ਕੇ ਵਿਖਾ ਦੇਵੇਗਾ ਤੇ ਕਦੀ ਤੁਹਾਡਾ ਮਨ ਨਹੀਂ ਡੋਲੇਗਾ। ਹੇ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ! ਜੇ ਝੋਲੀ ਅੱਡਣੀ ਹੈ ਤੇ ਤੁਹਾਡੇ ਅੱਗੇ ਹੀ। ਇੱਕ ਛੋਟੀ ਜਿਹੀ ਇਤਿਹਾਸਿਕ ਸਾਖੀ, ਮਹਾਰਾਜ ਜੀ, ਆਪ ਜੀ ਨਾਲ ਸਾਂਝੀ ਕਰਵਾਉਣ। ਇੱਕ ਇਲਾਕੇ ਦਾ ਨਾਂ ਆਪ ਜੀ ਨੇ ਸੁਣਿਆ ਹੋਵੇਗਾ, ਗੜ੍ਹਸ਼ੰਕਰ। ਇਸ ਇਲਾਕੇ ਵਿੱਚ ਸੰਗਤ ਜੀ, ਇੱਕ ਜੋਗੀ ਨੇ ਅਰਾਧਨਾ ਕੀਤੀ, ਕਿਸੇ ਦੇਵੀ-ਦੇਵਤੇ ਦੀ। ਅਰਾਧਨਾ ਇੰਨੀ ਜੁੜ ਕੇ ਕੀਤੀ ਕਿ ਉਸ ਦੇਵੀ-ਦੇਵਤੇ ਨੂੰ ਦਰਸ਼ਨ ਦੇਣੇ ਪਏ। ਜਦੋਂ ਦਰਸ਼ਨ ਦਿੱਤੇ ਤੇ ਪੁੱਛਿਆ, ਜੋਗੀ, ਕੀ ਮੰਗਦਾ ਹੈਂ? ਧਿਆਨ ਦੇਣਾ। ਮੰਗਣ ਦੀ ਜਾਚ ਨਹੀਂ ਸੀ। ਇਸ ਜੋਗੀ ਦੇ ਮੁੱਖ ਵਿੱਚੋਂ ਨਿਕਲਿਆ, ਦਰਸ਼ਨ ਦਿੱਤੇ ਜੇ ਤੇ ਇਹ ਝੋਲੀ ਵਿੱਚ ਪਾਓ, ਜਿਹੜਾ ਮੇਰੇ ਦਰਸ਼ਨ ਕਰੇ, ਉਸਨੂੰ ਇੱਕ ਸਾਲ ਦਾ ਸਵਰਗ ਮਿਲੇ। ਆਪਣੀ ਮਰਜ਼ੀ ਨਾਲ ਭਾਵੇਂ ਮੈਂ ਸੌ ਸਾਲ ਦਾ ਸਵਰਗ ਦੇ ਦੇਵਾਂ। ਦੇਵੀ-ਦੇਵਤੇ ਹੱਸ ਪਏ। ਕਹਿਣ ਲੱਗੇ, ਇਹ ਜੋ ਮੰਗਿਆ ਹੈ, ਤੇਰੀ ਹਉਮੈ ਹੈ। ਮੰਗਣ ਦੀ ਵੀ ਜਾਚ ਚਾਹੀਦੀ ਹੈ, ਪਿਆਰਿਓ। ਮਹਾਰਾਜ ਜੀ ਕਹਿੰਦੇ ਹਨ :

*ਮਾਗਨਾ ਮਾਗਨੁ ਨੀਕਾ ਹਰਿ ਜਸੁ ਗੁਰ ਤੇ ਮਾਗਨਾ ॥੪॥*
*(ਅੰਗ ੧੦੧੮)*

ਮੰਗਣ ਦੀ ਜਾਚ ਚਾਹੀਦੀ ਹੈ। ਕਿਧਰੇ ਤੁੱਠ ਪਏ, ਕਿਤੇ ਕਿਰਪਾ ਹੋ ਜਾਵੇ ਤੇ ਤੁਸੀਂ ਵੀ ਗੁਰੂ ਕਲਗੀਧਰ ਜੀ ਮਹਾਰਾਜ ਵਾਂਗੂੰ ਇਹ ਮੰਗਿਓ। ਕਦੀ ਵੀ ਸਤਿਗੁਰੂ ਜੀ ਤੁੱਠ ਪੈਣ ਤੇ ਇਹ ਮੰਗਿਆ ਕਰੋ :

*ਤਵ ਚਰਨਨ ਮਨ ਰਹੈ ਹਮਾਰਾ ॥*
*ਅਪਨਾ ਜਾਨ ਕਰੋ ਪ੍ਰਤਿਪਾਰਾ ॥*
*(ਸ੍ਰੀ ਚੌਪਈ ਸਾਹਿਬ)*

*ਸਿਮਰਿ ਸਿਮਰਿ ਸਿਮਰਿ ਨਾਮੁ ਜੀਵਾ*
*ਤਨੁ ਮਨੁ ਹੋਇ ਨਿਹਾਲਾ ॥*
*ਚਰਣ ਕਮਲ ਤੇਰੇ ਧੋਇ ਧੋਇ ਪੀਵਾ*
*ਮੇਰੇ ਸਤਿਗੁਰ ਦੀਨ ਦਇਆਲਾ ॥੩॥*
*(ਅੰਗ ੭੪੯)*

*ਸੇਵਕ ਕੀ ਅਰਦਾਸਿ ਪਿਆਰੇ ॥*
*ਜਪਿ ਜੀਵਾ ਪ੍ਰਭ ਚਰਣ ਤੁਮਾਰੇ ॥੧॥ ਰਹਾਉ ॥*
*(ਅੰਗ ੫੬੨-੬੩)*

ਇਹ ਸਭ ਤੋਂ ਵੱਡੀ ਦਾਤ ਹੈ। **ਬਾਬਾ ਨੰਦ ਸਿੰਘ ਜੀ ਇਸ ਦਾਤ ਨੂੰ ਇੰਨਾ ਵੱਡਾ ਗਿਣਦੇ ਸੀ, ਕਹਿੰਦੇ ਸਨ, ਇਸ ਤਰ੍ਹਾਂ ਅਰਦਾਸ ਕਰਿਆ ਕਰੋ ਗੁਰੂ ਕਲਗੀਧਰ ਪਿਤਾ ਜੀ ਦੇ ਚਰਨਾਂ ਵਿੱਚ, ਇੱਥੇ ਰੱਖ, ਉੱਥੇ ਰੱਖ, ਜਦੋਂ ਦਿਲ ਕਰੇ, ਭੇਜ। ਦਿਲ ਕਰੇ, ਬੁਲਾ ਪਰ ਸੱਚੇ ਪਾਤਸ਼ਾਹ ਜੀ, ਇੱਕ ਚਰਨਾਂ ਵਿੱਚ ਬੇਨਤੀ ਹੈ, ਇੱਥੇ ਰੱਖ, ਉੱਥੇ ਰੱਖ ਪਰ ਰੱਖੀਂ ਚਰਨਾਂ ਦੇ ਕੋਲ।**

ਮੰਗਣ ਦੀ ਵੀ ਜਾਚ ਚਾਹੀਦੀ ਹੈ। ਜੁਗਤੀ ਨਾ ਹੋਵੇ ਤੇ ਕਈ ਵਾਰੀ ਮੰਗਣਾ ਵੀ ਨਹੀਂ ਆਉਂਦਾ। ਇਹ ਇਤਿਹਾਸਿਕ ਸਾਖੀ ਹੈ। ਸਤਿਕਾਰ ਸਭ ਦਾ ਕਰਨਾ ਹੈ, ਕਿਸੇ ਦੇਵੀ-ਦੇਵਤੇ ਨੂੰ ਮਾੜਾ ਨਹੀਂ ਕਹਿਣਾ। ਸਭ ਉਸ ਪਰਮਾਤਮਾ ਦਾ ਰੂਪ ਹਨ। ਹੁਣ ਗੜ੍ਹਸ਼ੰਕਰ ਦੇ ਇਲਾਕੇ ਦੇ ਇਸ ਜੋਗੀ ਨੇ ਮੰਗਿਆ ਕੀ? ਜਿਹੜਾ ਮੇਰੇ ਦਰਸ਼ਨ ਕਰੇ, ਉਸਨੂੰ ਇੱਕ ਸਾਲ ਦਾ ਸਵਰਗ ਮਿਲੇ। ਮਰਜ਼ੀ ਨਾਲ ਭਾਵੇਂ ਸੌ ਸਾਲ ਦਾ ਦੇ ਦੇਵਾਂ। ਤਥਾਅਸਤੂ ਕੀਤਾ, ਉਸ ਦੇਵਤੇ ਨੇ ਤੇ ਫਿਰ ਅਲੋਪ ਹੋ ਗਏ। ਜੋਗੀ ਨੇ ਸਾਰੇ ਇਲਾਕੇ ਵਿੱਚ ਢੰਡੋਰਾ ਫੇਰ ਦਿੱਤਾ ਕਿ ਜਿਹੜਾ ਮੇਰੇ ਦਰਸ਼ਨ ਕਰੇਗਾ, ਉਸ ਨੂੰ ਇੱਕ ਸਾਲ ਦਾ ਸਵਰਗ ਮਿਲੇਗਾ। ਭੀੜਾਂ ਲੱਗ ਗਈਆਂ। ਕੁਝ ਦਿਨ

ਬਾਅਦ ਉਸ ਨੇ ਆਪਣੇ ਸੇਵਕਾਂ ਨੂੰ ਪੁੱਛਿਆ, ਕੋਈ ਰਹਿ ਤਾਂ ਨਹੀਂ ਗਿਆ। ਚੇਲੇ ਕਹਿੰਦੇ, ਸਾਰਾ ਨਗਰ ਆ ਗਿਆ ਹੈ ਗੜ੍ਹਸ਼ੰਕਰ ਦਾ ਪਰ ਇੱਕ ਨਹੀਂ ਆਇਆ। ਉਹ ਕੌਣ ਹੈ? ਚੇਲੇ ਕਹਿੰਦੇ, ਕੋਈ ਭਾਈ ਤਿਲਕਾ ਹੈ, ਉਹ ਨਹੀਂ ਆਇਆ। ਜੋਗੀ ਕਹਿਣ ਲੱਗਾ, ਵਿਚਾਰਾ, ਕਿਤੇ ਰਹਿ ਨਾ ਜਾਵੇ। ਉਸ ਨੂੰ ਸੁਨੇਹਾ ਨਹੀਂ ਮਿਲਿਆ ਹੋਣਾ। ਜਾਓ, ਜਾ ਕੇ ਸੁਨੇਹਾ ਦਿਓ। ਚੇਲੇ ਜਾ ਕੇ ਕਹਿੰਦੇ ਹਨ, ਬੂਹਾ ਖੜਕਾ ਕੇ ਕਹਿੰਦੇ ਹਨ, ਭਾਈ ਤਿਲਕਾ ਜੀ ਨੂੰ, ਆ ਕੇ ਜੋਗੀ ਦੇ ਦਰਸ਼ਨ ਕਰ ਲਓ। ਇੱਕ ਸਾਲ ਦਾ ਸਵਰਗ ਮਿਲੇਗਾ ਤੇ ਭਾਈ ਤਿਲਕਾ ਜੀ ਕਹਿੰਦੇ, ਸਵਰਗਾਂ ਦੀ ਮੈਨੂੰ ਲੋੜ ਹੀ ਨਹੀਂ। ਧਿਆਨ ਦੇਣਾ, ਇਹ ਲਿਖ ਲੈਣਾ, ਰੰਗੇ ਹੋਏ ਸਿੱਖ ਦੇ ਲਈ ਸਵਰਗ ਕੁਝ ਵੀ ਨਹੀਂ। ਰੰਗੇ ਹੋਏ ਗੁਰਸਿੱਖ ਲਈ :

***ਕਵਨੁ ਨਰਕੁ ਕਿਆ ਸੁਰਗੁ ਬਿਚਾਰਾ ਸੰਤਨ ਦੋਊ ਰਾਦੇ ॥***
***ਹਮ ਕਾਹੂ ਕੀ ਕਾਣਿ ਨ ਕਢਤੇ ਅਪਨੇ ਗੁਰ ਪਰਸਾਦੇ ॥੫॥***

*(ਅੰਗ ੯੬੯)*

ਇਹ ਜੋਗੀ ਕਹਿੰਦਾ ਹੈ, ਉਸ ਨੂੰ ਕੀ ਮਿਲਿਆ ਹੈ? ਚੇਲੇ ਕਹਿੰਦੇ ਕਿ ਉਹ ਕਹਿੰਦਾ ਹੈ ਕਿ ਮੈਨੂੰ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਚਰਨ ਮਿਲੇ ਹਨ, ਸਵਰਗਾਂ ਦੀ ਲੋੜ ਹੀ ਨਹੀਂ। ਜੋਗੀ ਕਹਿੰਦਾ ਹੈ ਕਿ ਮੈਂ ਆਪ ਜਾਂਦਾ ਹਾਂ। ਇਹ ਜੋਗੀ ਨਾਥ ਆਪ ਗਿਆ ਹੈ, ਬੂਹਾ ਆਪ ਖੜਕਾਇਆ ਕਿ ਭਾਈ ਤਿਲਕਿਆ, ਮੇਰੇ ਦਰਸ਼ਨ ਕਰ ਲੈ। ਇੱਕ ਸਾਲ ਦਾ ਸਵਰਗ ਲੈ ਲਾ। ਅੰਦਰੋਂ ਅਵਾਜ਼ ਆਈ, ਸਵਰਗਾਂ ਦੀ ਲੋੜ ਹੀ ਨਹੀਂ। ਕਹਿਣ ਲੱਗੇ, ਹੁਣ ਬੂਹਾ ਖੋਲ੍ਹੇਂਗਾ, ਮੈਂ ਵਰ ਲਿਆ, ਆਪਣੀ ਮਰਜ਼ੀ ਨਾਲ ਭਾਵੇਂ ਸੌ ਸਾਲ ਦਾ ਸਵਰਗ ਦੇ ਦੇਵਾਂ। ਦਰਸ਼ਨ ਕਰਨ ਲੈ, ਸੌ ਸਾਲ ਦਾ ਸਵਰਗ। ਅੰਦਰੋਂ ਅਵਾਜ਼ ਆਈ ਕਿ ਹੁਣ ਭੁੱਲ ਕੇ ਵੀ ਬੂਹਾ ਨਹੀਂ ਖੋਲ੍ਹਣਾ। ਮੈਨੂੰ ਸਵਰਗਾਂ ਦੀ ਲੋੜ ਹੀ ਨਹੀਂ। ਜਦੋਂ ਇਸ ਜੋਗੀ ਨੇ ਕਿਹਾ, ਤੈਨੂੰ ਕਿਹੜੀ ਦਾਤ ਮਿਲੀ ਹੈ ਕਿ ਸਵਰਗਾਂ ਨੂੰ ਲੱਤ ਮਾਰ ਰਿਹਾ ਹੈਂ। ਵੇਖੋ, ਪਿਆਰ ਇਹੋ ਜਿਹਾ ਹੋਵੇ, ਪ੍ਰੀਤ ਇਹੋ ਜਿਹੀ ਹੋਵੇ। ਗੁਰੂ ਸਾਹਿਬ ਦੇ ਅੱਗੇ ਪ੍ਰੀਤ ਇਹੋ ਜਿਹੀ ਕੀਤੀ ਹੋਵੇ, ਪਿਆਰ ਇਹੋ ਜਿਹਾ ਕੀਤਾ ਹੋਵੇ, ਪੜ੍ਹਿਓ ਸਾਰੇ ਪਿਆਰ ਦੇ ਨਾਲ :

***ਤੁਮਹਿ ਛਾਡਿ ਕੋਈ ਅਵਰ ਨ ਧਿਯਾਊਂ ॥***
***ਜੋ ਬਰ ਚਹੋਂ ਸੁ ਤੁਮ ਤੇ ਪਾਊਂ ॥***

*(ਸ੍ਰੀ ਚੌਪਈ ਸਾਹਿਬ)*

ਇਹ ਸਾਰੇ ਅੰਦਰੋਂ ਪਿਆਰ ਕਰੋ। ਇਸ ਪ੍ਰਚਾਰ ਦੀ ਬੜੀ ਲੋੜ ਹੈ, ਸਤਿਗੁਰੂ ਜੀ, ਚੰਗੇ ਸਾਰੇ ਹਨ ਪਰ ਸਿੱਖ ਜਦੋਂ ਵੀ ਝੋਲੀ ਅੱਡੇ ਆਪਣੇ ਗੁਰੂ ਅੱਗੇ ਹੀ ਅੱਡੇ।

***ਤੁਮਹਿ ਛਾਡਿ ਕੋਈ ਅਵਰ ਨ ਧਿਯਾਊਂ ॥***
***ਜੋ ਬਰ ਚਹੋਂ ਸੁ ਤੁਮ ਤੇ ਪਾਊਂ ॥***

*(ਸ੍ਰੀ ਚੌਪਈ ਸਾਹਿਬ)*

***ਕਿਸ ਹੀ ਧੜਾ ਕੀਆ ਮਿਤ੍ਰ ਸੁਤ ਨਾਲਿ ਭਾਈ ॥***
***ਕਿਸ ਹੀ ਧੜਾ ਕੀਆ ਕੁੜਮ ਸਕੇ ਨਾਲਿ ਜਵਾਈ ॥***
***ਕਿਸ ਹੀ ਧੜਾ ਕੀਆ ਸਿਕਦਾਰ ਚਉਧਰੀ***
***ਨਾਲਿ ਆਪਣੈ ਸੁਆਈ ॥***
***ਹਮਾਰਾ ਧੜਾ ਹਰਿ ਰਹਿਆ ਸਮਾਈ ॥੧॥***

*(ਅੰਗ ੩੬੬)*

ਐਸੇ ਪੱਕੇ ਹੋ ਜਾਓ, **ਮਹਾਂਪੁਰਸ਼ਾਂ ਦਾ ਬਚਨ ਹੈ, ਪੱਤਾ ਨਾ ਬਣਿਓ, ਜਿਹੜਾ ਪੱਤਾ ਹੁੰਦਾ ਹੈ ਹਨ੍ਹੇਰੀ ਨਾਲ ਦਰੱਖਤ ਤੋਂ ਲੱਥ ਜਾਂਦਾ ਹੈ। ਹਨ੍ਹੇਰੀ ਇਸ ਨੂੰ ਕਈ ਇਲਾਕਿਆਂ ਵਿੱਚ ਉਡਾਉਂਦੀ ਹੈ। ਜਿਹੜਾ ਪਹਾੜ ਹੋਵੇ, ਹਨ੍ਹੇਰੀ ਜਿੰਨੀ ਮਰਜ਼ੀ ਹੋਵੇ, ਉਸ ਨੂੰ ਨਹੀਂ ਉਡਾ ਸਕਦੀ। ਸਿੱਖ ਦਾ ਭਰੋਸਾ ਪੱਤੇ ਵਰਗਾ ਨਹੀਂ, ਪਹਾੜ ਵਰਗਾ ਹੋਵੇ। ਆਪਣੇ ਗੁਰੂ ਤੇ ਪਹਾੜ ਵਰਗਾ ਭਰੋਸਾ ਹੋਵੇ।** ਵੇਖੋ, ਉਹ ਜੋਗੀ, ਭਾਈ ਤਿਲਕਾ ਜੀ ਨੂੰ ਨਹੀਂ ਹਿਲਾ ਸਕਿਆ। ਭਾਈ

ਤਿਲਕਾ ਜੀ ਦਾ ਪਹਾੜ ਵਰਗਾ ਭਰੋਸਾ ਸੀ। ਇਸ ਜੋਗੀ ਨੇ ਆਖਿਆ ਬੂਹਾ ਖੋਲ੍ਹ, ਤੂੰ ਸਵਰਗਾਂ ਨੂੰ ਲੱਤ ਮਾਰ ਰਿਹਾ ਹੈਂ। ਤੈਨੂੰ ਕੀ ਮਿਲਿਆ ਹੈ? ਬੂਹਾ ਖੋਲ੍ਹ। ਮੈਂ ਤੇਰੇ ਦਰਸ਼ਨ ਕਰਨਾ ਚਾਹੁੰਦਾ ਹਾਂ। ਭਾਈ ਤਿਲਕਾ ਜੀ ਕਹਿੰਦੇ, ਭੁੱਲ ਕੇ ਵੀ ਬੂਹਾ ਨਹੀਂ ਖੋਲ੍ਹਣਾ। ਜੇ ਤੂੰ ਮੇਰੇ ਦਰਸ਼ਨ ਕੀਤੇ, ਮੈਨੂੰ ਵੀ ਤੇਰੇ ਹੋ ਜਾਣੇ ਹਨ ਤੇ ਸਵਰਗਾਂ ਵਿੱਚ ਜਾਣਾ ਪੈਣਾ ਹੈ। ਮੈਂ ਸਵਰਗਾਂ ਵਿੱਚ ਜਾਣਾ ਹੀ ਨਹੀਂ ਚਾਹੁੰਦਾ। ਜੇ ਬੂਹਾ ਖੁੱਲਵਾਉਣਾ ਹੈ ਤੇ ਪਹਿਲਾਂ ਵਰ ਵਾਪਸ ਲੈ। ਇਹ ਸੰਗਤ ਜੀ, ਵਰ ਵਾਪਸ ਲਿਆ। ਭਾਈ ਤਿਲਕਾ ਜੀ ਨੇ ਬੂਹਾ ਖੋਲ੍ਹਿਆ। ਇਸ ਜੋਗੀ ਨੇ ਇੱਕ ਰੰਗੇ ਹੋਏ ਗੁਰਸਿੱਖ ਦੇ ਦਰਸ਼ਨ ਕੀਤੇ। **ਇਹ ਯਾਦ ਰੱਖਿਓ, ਜਿਸ ਨੂੰ ਰੰਗ ਲੱਗ ਜਾਵੇ, ਗੁਰਸਿੱਖ ਨੂੰ। ਉਸ ਦੀ ਪੰਜ ਜਗ੍ਹਾ ਤੇ ਅੰਮ੍ਰਿਤ ਦਾ ਵਾਸਾ ਹੋ ਜਾਂਦਾ ਹੈ। ਨੇਤਰਾਂ ਵਿੱਚ ਅੰਮ੍ਰਿਤ, ਰਸਨਾ ਵਿੱਚ ਅੰਮ੍ਰਿਤ, ਹਿਰਦੇ ਵਿੱਚ ਅੰਮ੍ਰਿਤ, ਹੱਥਾਂ ਵਿੱਚ ਅੰਮ੍ਰਿਤ ਤੇ ਪੈਰਾਂ ਵਿੱਚ ਅੰਮ੍ਰਿਤ।** ਇਹ ਪੰਜ ਜਗ੍ਹਾ ਤੇ ਅੰਮ੍ਰਿਤ ਦਾ ਵਾਸਾ ਹੋ ਜਾਂਦਾ ਹੈ। ਕੋਈ ਕਿਸੇ ਦਾ ਬੁਰਾ ਨਾ ਕਰੇ, ਸੱਚ ਦੀ ਕਮਾਈ ਕਰੇ, ਗੁਰੂ ਦੇ ਉਪਦੇਸ਼ ਤੇ ਚੱਲੇ, ਗੁਰਸਿੱਖ ਰੰਗੇ ਹੋਏ ਦੇ ਪੰਜ ਜਗ੍ਹਾ ਤੇ ਅੰਮ੍ਰਿਤ ਦਾ ਵਾਸਾ ਹੈ। ਐਸੇ ਰੰਗੇ ਹੋਏ ਗੁਰਸਿੱਖ ਦੇ ਜਦੋਂ ਜੋਗੀ ਨੇ ਦਰਸ਼ਨ ਕੀਤੇ, ਭਾਈ ਤਿਲਕਾ ਜੀ ਦੇ ਤੇ ਉਸ ਜੋਗੀ ਦੇ ਹੱਥ ਕਿੱਧਰ ਗਏ? ਭਾਈ ਤਿਲਕਾ ਜੀ ਦੇ ਪੈਰਾਂ ਵੱਲ ਕਿਉਂਕਿ ਰੰਗੇ ਪਏ ਸੀ। ਚਿਹਰੇ ਤੇ ਅਲੱਗ ਹੀ ਨੂਰ ਸੀ।

***ਜਿਨ ਕੇ ਚੋਲੇ ਰਤੜੇ ਪਿਆਰੇ ਕੰਤੁ ਤਿਨਾ ਕੈ ਪਾਸਿ ॥***

*(ਅੰਗ ੭੨੨)*

ਉਹ ਅਵਸਥਾ ਸੀ। ਕਿਰਪਾ ਸੀ। ਨਾਮੀ ਰੂਹ ਸੀ। ਹੱਥ ਗਏ, ਪੈਰਾਂ ਵੱਲ ਪਰ ਭਾਈ ਤਿਲਕਾ ਜੀ ਨੇ ਹੱਥ ਫੜ੍ਹ ਲਏ। ਮੇਰੇ ਪੈਰਾਂ ਨੂੰ ਹੱਥ ਨਾ ਲਗਾ। ਜਿਨ੍ਹਾਂ ਦੇ ਚਰਨ, ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਮੈਂ ਹਿਰਦੇ ਵਿੱਚ ਵਸਾ ਕੇ ਬੈਠਾ ਹਾਂ, ਉਨ੍ਹਾਂ ਦੇ ਚਰਨ ਫੜਨੇ ਹਨ ਤੇ ਫੜ। ਉਹ ਜੋਗੀ ਕਹਿਣ ਲੱਗਾ ਕਿ ਕੀ ਮੈਨੂੰ ਦਰਸ਼ਨ ਹੋ ਸਕਦੇ ਹਨ? ਭਾਈ ਤਿਲਕਾ ਜੀ ਕਹਿਣ ਲੱਗੇ, ਅੰਮ੍ਰਿਤਸਰ ਜਾਣਾ ਪੈਣਾ ਹੈ। ਫਿਰ ਇਹ ਗੜ੍ਹਸ਼ੰਕਰ ਤੋਂ ਦੋਵੇਂ ਅੰਮ੍ਰਿਤਸਰ ਆਏ ਹਨ।

ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਜੋਗੀ ਦਰਸ਼ਨ ਕਰਨ ਆਇਆ ਹੈ। ਇਹ ਇਤਿਹਾਸ ਪੜ੍ਹੋ, ਪੰਜ ਮੀਲ ਅੰਮ੍ਰਿਤਸਰ ਰਹਿੰਦਾ ਸੀ ਤੇ ਜੋਗੀ ਕੀ ਪੁੱਛਦਾ ਹੈ, ਭਾਈ ਤਿਲਕਾ ਜੀ ਨੂੰ। ਕਹਿਣ ਲੱਗਾ, ਤੁਹਾਡੇ ਗੁਰੂ ਜੀ ਦੀ ਉਮਰ ਕਿੰਨੀ ਹੈ ਤੇ ਭਾਈ ਤਿਲਕਾ ਜੀ ਕਹਿੰਦੇ, 28-30 ਸਾਲ ਦੇ ਕਰੀਬ। ਤੇ ਜੋਗੀ ਨੂੰ ਹੰਕਾਰ ਹੋ ਗਿਆ, ਨਾਲ ਹੀ। ਕਹਿਣ ਲੱਗਾ, ਮੇਰੀ ਉਮਰ ਡੇਢ ਸੌ ਸਾਲ ਦੀ, ਤੇ ਤੇਰੇ ਗੁਰੂ ਦੀ 28-30 ਸਾਲ। ਇੱਕ ਡੇਢ ਸੌ ਸਾਲ ਵਾਲਾ 28 ਸਾਲ ਵਾਲੇ ਦੇ ਦਰਸ਼ਨ ਕਰਨ ਚਲਿਆ ਹੈ। ਧਿਆਨ ਦੇਣਾ। ਉਮਰ ਦਾ ਹੰਕਾਰ ਆ ਗਿਆ। ਪੰਜ ਮੀਲ ਅੰਮ੍ਰਿਤਸਰ ਰਹਿੰਦਾ ਹੈ ਤੇ ਜੋਗੀ ਦੂਜੀ ਗੱਲ ਪੁੱਛਦਾ ਹੈ, ਤੇਰਾ ਗੁਰੂ ਗ੍ਰਿਹਸਥੀ ਹੈ ਕਿ ਤਿਆਗੀ ਹੈ। ਭਾਈ ਤਿਲਕਾ ਜੀ ਕਹਿੰਦੇ, ਮੇਰੇ ਗੁਰੂ ਸਾਹਿਬ ਗ੍ਰਿਹਸਥ ਵਿੱਚ ਰਹਿੰਦਿਆਂ ਹੋਇਆਂ ਤਿਆਗੀ ਹਨ।

***ਚਾਰਿ ਪਦਾਰਥ ਕਮਲ ਪ੍ਰਗਾਸ ॥***
***ਸਭ ਕੈ ਮਧਿ ਸਗਲ ਤੇ ਉਦਾਸ ॥***

*(ਅੰਗ ੨੯੬)*

ਇਹ ਗੁਰਸਿੱਖ ਦੀ ਅਵਸਥਾ ਹੈ। ਮੇਰੇ ਗੁਰੂ ਸਾਹਿਬ ਗ੍ਰਿਹਸਥੀ ਵਿੱਚ ਹੁੰਦਿਆਂ ਹੋਇਆਂ ਤਿਆਗੀ ਹਨ, ਉਦਾਸ ਹਨ। ਧਿਆਨ ਦੇਣਾ। ਇਹ ਦੂਜਾ ਹੰਕਾਰ ਆ ਗਿਆ, ਜੋਗੀ ਨੂੰ, ਮੈਂ ਸ਼ਾਦੀ ਨਹੀਂ ਕਰਵਾਈ ਤੇ ਇੱਕ ਤਿਆਗੀ ਗ੍ਰਿਹਸਥੀ ਦੇ ਦਰਸ਼ਨ ਕਰਨ ਜਾ ਰਿਹਾ ਹੈ। ਹਉਮੈ ਆ ਗਈ।

ਕਹਿਣ ਲੱਗਾ, ਮੈਂ ਨਾ ਹੀ ਜਾਵਾਂ। ਭਾਈ ਤਿਲਕਾ ਜੀ ਕਹਿਣ ਲੱਗੇ, ਹੁਣ ਪੰਜ ਮੀਲ ਦਾ ਰਸਤਾ ਰਹਿ ਗਿਆ ਹੈ। ਜੋਗੀ ਜੀ, ਵੈਸੇ ਹੀ ਹੋ ਜਾਓ। ਧਿਆਨ ਦੇਣਾ। ਜਦੋਂ ਅੰਮ੍ਰਿਤਸਰ ਪਹੁੰਚੇ ਤੇ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਆਪਣੇ ਆਸੇ ਪਾਸੇ ਕਨਾਤ ਲਗਵਾ ਲਈ ਤੇ ਸਿੱਖਾਂ ਨੂੰ ਕੀ ਕਿਹਾ, ਗੜ੍ਹਸ਼ੰਕਰ ਤੋਂ ਭਾਈ ਤਿਲਕਾ ਜੀ ਇੱਕ ਜੋਗੀ ਨੂੰ ਨਾਲ ਲੈ ਕੇ ਆ ਰਹੇ ਹਨ ਪਰ ਅਸੀਂ ਉਸ ਜੋਗੀ ਦੇ ਮੱਥੇ ਨਹੀਂ ਲੱਗਣਾ। ਇਹ ਜਦੋਂ ਜੋਗੀ ਤੇ ਭਾਈ ਤਿਲਕਾ ਜੀ ਪਹੁੰਚੇ, ਭਾਈ ਤਿਲਕਾ ਜੀ ਕਹਿੰਦੇ, ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਦਰਸ਼ਨ ਕਰਨੇ ਹਨ। ਤੇ ਸਿੱਖਾਂ ਨੇ ਭਾਈ ਤਿਲਕਾ ਜੀ ਤੇ ਜੋਗੀ ਨੂੰ ਕਨਾਤ ਦੇ ਪਰਲੇ ਪਾਸੇ ਬਿਠਾ ਦਿੱਤਾ ਤੇ ਨਾਲ ਕਿਹਾ ਕਿ ਗੁਰੂ ਸਾਹਿਬ ਦਾ ਹੁਕਮ ਹੈ ਕਿ ਜਿਹੜਾ ਇਹ ਜੋਗੀ ਆਇਆ ਹੈ, ਇਸ ਦੇ ਅੰਦਰ ਹਉਮੈ ਦੀ ਭਾਵਨਾ ਹੈ ਜਿਸ ਕਰਕੇ ਅਸੀਂ ਉਸ ਦੇ ਮੱਥੇ ਨਹੀਂ ਲੱਗਣਾ। ਧਿਆਨ ਦੇਣਾ। ਇਹ ਸੁਣ ਕੇ ਉਸ ਜੋਗੀ ਦੀ ਕਾਫੀ ਹਉਮੈ ਲੱਥ ਗਈ ਕਿ ਇਹ ਕਿਹੜਾ ਗੁਰੂ ਹੈ ਜਿਨ੍ਹਾਂ ਨੂੰ ਸਾਡੇ ਆਉਣ ਤੋਂ ਪਹਿਲਾਂ ਹੀ ਰਮਜ਼ ਪਤਾ ਹੈ ਕਿ ਅੰਦਰ ਹਉਮੈ ਹੈ। ਹੰਕਾਰ ਤਾਂ ਮੈਨੂੰ ਆਇਆ ਹੈ। ਕਨਾਤ ਵਿੱਚੋਂ ਆਵਾਜ਼ ਦਿੱਤੀ, ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ, ਆਖਣ ਲੱਗੇ ਭਾਈ ਤਿਲਕਿਆ, ਇਸ ਜੋਗੀ ਨੂੰ ਆਪਣੀ ਉਮਰ ਦਾ ਮਾਣ ਹੈ ਕਿ ਮੈਂ 150 ਸਾਲ ਦਾ ਹਾਂ ਤੇ ਅਸੀਂ 28 ਸਾਲ ਦੇ। ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਕਹਿੰਦੇ, ਭਾਈ ਤਿਲਕਿਆ, ਇਸ ਜੋਗੀ ਨੂੰ ਪੁੱਛੋ ਜਦੋਂ ਇਸ ਦੀ ਉਮਰ 10 ਸਾਲ ਦੇ ਕਰੀਬ ਸੀ ਤੇ ਇਸ ਦਾ ਕੰਨ ਸਮੁੰਦਰ ਵਿੱਚ ਕਿਸੇ ਜੀਵ ਜੰਤੂ ਨੇ ਕੱਟ ਲਿਆ ਸੀ ਤੇ ਉਸ ਕੱਟੇ ਹੋਏ ਕੰਨ ਵਿੱਚ ਸੋਨੇ ਦਾ ਮੁੰਦਰਾ ਵੀ ਸੀ। ਜਦੋਂ ਇਹ ਗੱਲ ਜੋਗੀ ਨੇ ਸੁਣੀ ਤੇ ਉਸ ਜੋਗੀ ਦੀ ਸਾਰੀ ਹਉਮੈ ਲੱਥ ਗਈ ਤੇ ਅੰਦਰ ਸੋਚਦਾ ਹੈ ਕਿ ਗੁਰੂ ਸਾਹਿਬ ਦੀ ਉਮਰ 28-30 ਦੇ ਕਰੀਬ ਹੈ ਪਰ ਗੁਰੂ ਸਾਹਿਬ ਮੇਰੀ 140 ਸਾਲ ਪਹਿਲੀ ਗੱਲ ਜਾਣਦੇ ਹਨ। ਉਸ ਜੋਗੀ ਨੂੰ ਇਹ ਨਹੀਂ ਪਤਾ ਕਿ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਕੌਣ ਹਨ?

***ਤੂ ਸਤਿਗੁਰੁ ਚਹੁ ਜੁਗੀ ਆਪਿ ਆਪੇ ਪਰਮੇਸਰੁ ॥***

***(ਅੰਗ ੧੪੦੬)***

ਭਾਈ ਤਿਲਕਾ ਜੀ ਆਖਣ ਲੱਗੇ, ਜੋਗੀ ਜੀ, ਜਿਹੜੇ ਦਰ ਤੇ ਆ ਕੇ ਸ਼ੰਕਾ ਕਰ ਰਹੇ ਹੋ, ਇਸ ਦਰ ਤੇ ਤਾਂ ਪਹੁੰਚਦਾ ਹੀ ਉਹ ਹੈ ਜਿਸ ਦੇ ਬੜੇ ਵੱਡੇ ਭਾਗ ਹੋਣ।

***ਸਭ ਦੂ ਵਡੇ ਭਾਗ ਗੁਰਸਿਖਾ ਕੇ***
***ਜੋ ਗੁਰ ਚਰਣੀ ਸਿਖ ਪੜਤਿਆ ॥੧੮॥***

***(ਅੰਗ ੬੪੯)***

ਗੁਰੂ ਪਿਆਰਿਓ, ਇਹ ਗੱਲਾਂ ਨਹੀਂ। ਇਹ ਹਕੀਕਤ ਹੈ। ਜਿਹੜਾ ਸਵੱਯਾ ਸੁਣ ਰਹੇ ਹੋ, ਇਹ ਭੱਟਾਂ ਦਾ ਸਵੱਯਾ ਹੈ ਜਿਸ ਵਿੱਚ ਉਨ੍ਹਾਂ ਨੇ ਕਿਹਾ ਹੈ, ਧੰਨ ਸ੍ਰੀ ਗੁਰੂ ਅਰਜਨ ਦੇਵ ਜੀ, ਤੁਸੀਂ ਕਿੰਨੇ ਵੱਡੇ ਹੋ:

***ਅੰਤੁ ਨ ਪਾਵਤ ਦੇਵ ਸਬੈ ਮੁਨਿ***
***ਇੰਦ੍ਰ ਮਹਾ ਸਿਵ ਜੋਗ ਕਰੀ ॥***

***(ਅੰਗ ੧੪੦੯)***

ਉਸ ਜੋਗੀ ਦੀ ਹਉਮੈ ਲੱਥੀ। ਨਿਮਾਣਾ ਹੋਇਆ। ਬੇਨਤੀ ਕੀਤੀ ਕਿ ਕਨਾਤ ਹਟਾ ਦਿਓ। ਹੁਣ ਰਿਹਾ ਨਹੀਂ ਜਾਂਦਾ। ਦਰਸ਼ਨ ਦਿਓ। ਜੋਗੀ ਰੋਣ ਲੱਗ ਪਿਆ। ਅੱਖਾਂ ਵਿੱਚ ਵੈਰਾਗ ਦੇ ਅੱਥਰੂ ਆ ਗਏ। ਗੁਰੂ ਸਾਹਿਬ ਨੇ ਕਨਾਤ ਹਟਾਈ। ਦਰਸ਼ਨ ਦਿੱਤੇ, ਚਿਹਰੇ ਤੇ ਨਾਮ ਦੀ ਲਾਲੀ। ਚਰਨਾਂ ਤੇ ਡਿੱਗ ਗਿਆ। ਭੁੱਲ ਗਿਆ ਕਿ ਮੇਰੀ ਉਮਰ 150 ਸਾਲ ਹੈ। ਕਹਿਣ ਲੱਗਾ, ਮੈਨੂੰ ਬਖਸ਼ ਦਿਓ। ਮੇਰੇ ਤੇ

ਕਿਰਪਾ ਕਰੋ, ਮੇਰੇ ਅੰਦਰ ਸੱਚ ਦਾ ਪ੍ਰਕਾਸ਼ ਕਰ ਦਿਓ। ਆਪਣੇ ਚਰਨਾਂ ਨਾਲ ਜੋੜ ਕੇ ਮੈਨੂੰ ਆਪਣਾ ਸਿੱਖ ਬਣਾ ਲਵੋ। ਸਤਿਗੁਰੂ ਜੀ ਆਖਣ ਲੱਗੇ, ਜੋਗੀ ਜੀ ਜਦੋਂ ਕੋਈ ਦਾਤ ਮਿਲ ਜਾਵੇ ਤਾਂ ਹੰਕਾਰ ਨਹੀਂ ਕਰੀਦਾ ਸਗੋਂ ਉਸ ਦਾਤ ਨਾਲ ਲੋਕ ਭਲਾਈ ਲਈ ਕਾਰਜ ਕਰਨੇ ਚਾਹੀਦੇ ਹਨ। ਇਸ ਨਾਲ ਕੀ ਹੋਏਗਾ ਜਿਸ ਦੇਵੀ-ਦੇਵਤੇ ਦੀ ਤੁਸੀਂ ਅਰਾਧਨਾ ਕਰਕੇ ਇਹ ਦਾਤ ਪ੍ਰਾਪਤ ਕੀਤੀ ਹੈ ਉਹ ਵੀ ਪ੍ਰਸੰਨ ਹੋਣਗੇ ਕਿ ਮੇਰੀ ਦਿੱਤੀ ਦਾਤ ਦਾ ਸਹੀ ਢੰਗ ਨਾਲ ਪ੍ਰਯੋਗ ਕਰ ਰਿਹਾ ਹੈ। ਜੋਗੀ ਤੇ ਗੁਰੂ ਸਾਹਿਬ ਨੇ ਕਿਰਪਾ ਕੀਤੀ। ਫਿਰ ਸਤਿਗੁਰੂ ਜੀ ਭਾਈ ਤਿਲਕਾ ਜੀ ਵੱਲ ਹੋਏ। ਭਾਈ ਤਿਲਕਾ ਜੀ ਨੂੰ ਆਪਣੇ ਗੱਲ ਨਾਲ ਲਗਾ ਲਿਆ। ਕਹਿਣ ਲੱਗੇ, ਤੇਰੇ ਵਰਗੇ ਗੁਰਸਿੱਖਾਂ ਵਾਸਤੇ ਹੀ ਤਾਂ ਬਾਣੀ ਕਹਿੰਦੀ ਹੈ:

*ਤਿਨਾ ਗੁਰਸਿਖਾ ਕੰਉ ਹਉ ਵਾਰਿਆ*
*ਜੋ ਬਹਦਿਆ ਉਠਦਿਆ ਹਰਿ ਨਾਮੁ ਧਿਆਵਹਿ ॥੧੧॥*
*(ਅੰਗ ੫੯੦)*

ਸਾਰੇ ਝਾਤੀ ਪਾਓ, ਕੋਈ ਬੁਰਾ ਨਾ ਮੰਨੇ। ਆਪਣੇ ਧਰਮ ਵਿੱਚ ਹਰ ਕੋਈ ਚੰਗਾ ਹੈ ਪਰ ਜੇ ਗੁਰੂ ਦਾ ਸਿੱਖ ਹੋ ਕੇ ਹੱਥ ਵਿੱਚ ਕੜਾ ਵੀ ਪਾਵੇ ਤੇ ਮੜ੍ਹੀਆਂ, ਮਸੀਤਾਂ ਤੇ ਦੀਵੇ ਜਗਾਉਣ ਵੀ ਜਾਵੇ, ਜੋਤਸ਼ੀਆਂ ਨੂੰ ਹੱਥ ਵੀ ਵਿਖਾਵੇ, ਰਾਸ਼ੀਆਂ ਵਿੱਚ ਵਿਸ਼ਵਾਸ ਵੀ ਰੱਖੇ ਤੇ ਫਿਰ ਉਹ ਦੋ ਬੇੜੀਆਂ ਵਿੱਚ ਸਵਾਰ ਹੈ। ਗੁਰੂ ਪਿਆਰਿਓ, ਨਿੰਦਾ ਕਿਸੇ ਦੀ ਨਹੀਂ। ਸਾਰੇ ਆਪਣੀ ਜਗ੍ਹਾ ਤੇ ਚੰਗੇ ਹਨ ਪਰ ਗੁਰੂ ਦਾ ਸਿੱਖ ਗੁਰੂ ਸਾਹਿਬ ਦੇ ਅੱਗੇ ਹੀ ਝੋਲੀ ਅੱਡੇ, ਹੋਰ ਕਿਤੇ ਜਾਣ ਦੀ ਲੋੜ ਨਹੀਂ। ਆਪਣੇ ਗੁਰੂ ਤੇ ਭਰੋਸਾ ਐਸਾ ਪਹਾੜ ਵਾਂਗੂੰ ਰਹੇ ਕਿ ਭਾਵੇਂ ਕੋਈ ਕਿੰਨੀਆਂ ਹੀ ਦਾਤਾਂ ਦਾ ਲੋਭ ਦੇ ਦੇਵੇ ਤਾਂ ਵੀ ਨਾ ਡੋਲੇ। ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਇੰਨੇ ਸਮਰੱਥ ਗੁਰੂ ਹਨ ਕਿ ਦੁਨੀਆਂ ਦੀ ਐਸੀ ਕੋਈ ਦਾਤ ਨਹੀਂ ਜਿਹੜੀ ਗੁਰੂ ਸਾਹਿਬ ਕੋਲੋਂ ਨਾ ਮਿਲੇ, ਬਸ ਸ਼ਰਧਾ, ਵਿਸ਼ਵਾਸ ਤੇ ਧੀਰਜ ਦੀ ਲੋੜ ਹੈ। ਪਰ ਜੇ ਫਿਰ ਵੀ ਦਾਤ ਨਾ ਮਿਲੇ ਤੇ ਉਸ ਸਮੇਂ ਮਨ ਵਿੱਚ ਕੀ ਭਾਵਨਾ ਬਣੇ ਕਿ ਉਹ ਦਾਤ ਮੇਰੇ ਲਈ ਚੰਗੀ ਹੀ ਨਹੀਂ ਸੀ। ਇਸ ਲਈ ਗੁਰੂ ਸਾਹਿਬ ਨੇ ਸਾਨੂੰ ਨਹੀਂ ਦਿੱਤੀ। ਅੰਦਰ ਇਹ ਭਾਵਨਾ ਬਣਾ ਕੇ ਰੱਖਣੀ ਹੈ।

ਕਈ ਵਾਰ ਗੁਰੂ ਸਾਹਿਬ ਸਾਨੂੰ ਸਮਝਾਉਣ ਲਈ ਪ੍ਰੀਖਿਆ ਵੀ ਲੈਂਦੇ ਹਨ ਜਿਸ ਕਰਕੇ ਦਾਤ ਮਿਲਣ ਵਿੱਚ ਦੇਰ ਹੋ ਜਾਂਦੀ ਹੈ ਪਰ ਕਿਸੇ ਵੀ ਹਾਲਤ ਵਿੱਚ ਡੋਲਣਾ ਨਹੀਂ। ਸਗੋਂ ਆਪਣੇ ਅੰਦਰ ਐਸੀ ਵਿਲ ਪਾਵਰ ਭਰਨੀ ਹੈ ਕਿ ਤੁਹਾਡਾ ਜੀਵਨ ਵੇਖ ਕੇ ਹੋਰ ਕਈਆਂ ਨੂੰ ਰੰਗ ਲੱਗ ਜਾਵੇ।

ਆਓ ਜੋ ਸ਼ਹੀਦੀ ਦਿਹਾੜਾ ਆ ਰਿਹਾ ਹੈ, ਇਸ ਸ਼ਹੀਦੀ ਦਿਹਾੜੇ ਤੇ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਪਛਾਣ ਲਈਏ। ਤੇ ਇਹ ਪ੍ਰਣ ਕਰੀਏ ਅੱਜ ਤੋਂ ਬਾਅਦ ਕੋਈ ਦੁਖ ਆਵੇ, ਕੋਈ ਸੁਖ ਆਵੇ ਜੇ ਝੋਲੀ ਅੱਡਾਂਗੇ ਤਾਂ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਅੱਗੇ ਹੀ ਅੱਡਾਂਗੇ। ਆਓ ਜੀ, ਪੜ੍ਹੋ ਪਿਆਰ ਨਾਲ ਫਿਰ ਸਮਾਪਤੀ ਹੈ ਜੀ।

*ਅੰਤੁ ਨ ਪਾਵਤ ਦੇਵ ਸਬੈ ਮੁਨਿ*
*ਇੰਦ੍ਰ ਮਹਾ ਸਿਵ ਜੋਗ ਕਰੀ ॥*
*ਫੁਨਿ ਬੇਦ ਬਿਰੰਚਿ ਬਿਚਾਰਿ ਰਹਿਓ*
*ਹਰਿ ਜਾਪੁ ਨ ਛਾਡ੍ਹਿਉ ਏਕ ਘਰੀ ॥*
*ਮਥੁਰਾ ਜਨ ਕੋ ਪ੍ਰਭੁ ਦੀਨ ਦਯਾਲੁ ਹੈ*
*ਸੰਗਤਿ ਸ੍ਰਿਸ੍ਟਿ ਨਿਹਾਲੁ ਕਰੀ ॥*
*ਰਾਮਦਾਸਿ ਗੁਰੂ ਜਗ ਤਾਰਨ ਕਉ*
*ਗੁਰ ਜੋਤਿ ਅਰਜੁਨ ਮਾਹਿ ਧਰੀ ॥੪॥*
*(ਅੰਗ ੧੪੦੯)*

***

ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400 ਸਾਲਾ ਪਾਵਨ ਪ੍ਰਕਾਸ਼ ਦਿਵਸ ਨੂੰ ਸਮਰਪਿਤ

# ਨੌਵੇਂ ਪਾਤਸ਼ਾਹ ਜੀ ਦੇ ਸਲੋਕਾਂ ਦੀ ਵਿਚਾਰ

*—ਭਾਈ ਪਾਲ ਸਿੰਘ*

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

***ਨੌਵੇਂ ਪਾਤਸ਼ਾਹ ਜੀ ਦਾ ਚੌਤੀਵਾਂ ਸਲੋਕ :***

***ਜਤਨ ਬਹੁਤੁ ਮੈ ਕਰਿ ਰਹਿਓ ਮਿਟਿਓ ਨ ਮਨ ਕੋ ਮਾਨੁ ॥***
***ਦੁਰਮਤਿ ਸਿਉ ਨਾਨਕ ਫਧਿਓ ਰਾਖਿ ਲੇਹੁ ਭਗਵਾਨ ॥੩੪॥***

*(ਅੰਗ ੧੪੨੮)*

ਮੈਂ ਬਹੁਤ ਉਪਾਅ ਕਰ ਚੁੱਕਾ ਹਾਂ ਪਰ ਮਨ ਦਾ ਮਾਣ ਦੂਰ ਨਹੀਂ ਹੋਇਆ। ਮਨ ਖੋਟੀ ਬੁੱਧੀ ਨਾਲ ਫਸ ਰਿਹਾ ਹੈ। ਹੇ ਪ੍ਰਭੂ ! ਇਸ ਨੂੰ ਰੱਖ ਲਵੋ।

ਜਦੋਂ ਸ੍ਰੀ ਰਾਮ ਚੰਦਰ ਜੀ 14 ਸਾਲ ਦਾ ਬਨਵਾਸ ਕੱਟ ਕੇ ਅਯੁੱਧਿਆ ਵਾਪਸ ਆਏ ਤਾਂ ਉਨ੍ਹਾਂ ਦੀ ਮਾਤਾ ਨੇ ਪੁੱਛਿਆ, ਕੀ ਰਾਵਣ ਨੂੰ ਮਾਰ ਦਿੱਤਾ ਹੈ? ਸ੍ਰੀ ਰਾਮ ਚੰਦਰ ਜੀ ਨੇ ਕਿਹਾ, ਮਹਾਂ ਗਿਆਨੀ, ਮਹਾਂ ਬਲਸ਼ਾਲੀ, ਚਾਰੇ ਵੇਦਾਂ ਦੇ ਗਿਆਤਾ, ਸ਼ਿਵ ਭਗਤ ਨੂੰ ਮੈਂ ਨਹੀਂ, ਉਸਦੇ ਹੰਕਾਰ ਨੇ ਹੀ ਉਸਨੂੰ ਮਾਰਿਆ ਹੈ। ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਵੀ ਆਖਦੇ ਹਨ ਜੋ ਆਪਣੇ ਆਪ ਨੂੰ ਬਲਵਾਨ ਜਾਣਦਾ ਹੈ, ਉਹ ਇੱਕ ਛਿੰਨ ਵਿੱਚ ਸੁਆਹ ਹੋ ਜਾਂਦਾ ਹੈ।

***ਸਭ ਤੇ ਆਪ ਜਾਨੈ ਬਲਵੰਤੁ ॥***
***ਖਿਨ ਮਹਿ ਹੋਇ ਜਾਇ ਭਸਮੰਤੁ ॥***

*(ਅੰਗ ੨੭੮)*

ਜਿਵੇਂ ਹਰਨਾਖਸ਼ ਆਪਣੇ ਆਪ ਨੂੰ ਈਸ਼ਵਰ ਹੀ ਅਖਵਾਉਣ ਲੱਗ ਪਿਆ ਸੀ। ਸਭ ਦੇਵੀ-ਦੇਵਤਿਆਂ ਤੋਂ ਆਪਣੇ ਆਪ ਨੂੰ ਬਲਵਾਨ ਸਮਝਦਾ ਸੀ ਪਰ ਅੰਤ ਨੂੰ ਪ੍ਰਭੂ ਨੇ ਨਰਸਿੰਘ ਰੂਪ ਧਾਰ ਕੇ ਇੱਕ ਛਿੰਨ ਵਿੱਚ ਹੀ ਉਸ ਨੂੰ ਮਿੱਟੀ ਵਿੱਚ ਮਿਲਾ ਦਿੱਤਾ। ਇਸੇ ਲਈ ਧੰਨ ਸ੍ਰੀ ਗੁਰੂ ਤੇਗ ਬਹਾਦਰ ਪਾਤਸ਼ਾਹ ਜੀ ਆਖਦੇ ਹਨ :

***ਸਾਧੋ ਮਨ ਕਾ ਮਾਨੁ ਤਿਆਗਉ ॥***

*(ਅੰਗ ੨੧੯)*

ਕਈ ਵਾਰ ਬੰਦਾ ਰਾਜ ਭਾਗ, ਧੀਆਂ-ਪੁੱਤਰ, ਮਾਇਆ ਵੀ ਤਿਆਗ ਦਿੰਦਾ ਹੈ ਪਰ ਅੰਦਰ ਵਾਲਾ ਮਾਣ ਕਿ ਮੈਂ ਸਭ ਕੁਝ ਤਿਆਗ ਦਿੱਤਾ ਹੈ ਇਹ ਨਹੀਂ ਛੱਡਿਆ ਜਾਂਦਾ। ਇਸ ਨੂੰ ਸੂਖਸ਼ਮ ਹਉਮੈ ਵੀ ਕਿਹਾ ਜਾਂਦਾ ਹੈ।

***ਕਬੀਰ ਮਾਇਆ ਤਜੀ ਤ ਕਿਆ ਭਇਆ***
***ਜਉ ਮਾਨੁ ਤਜਿਆ ਨਹੀ ਜਾਇ ॥***
***ਮਾਨ ਮੁਨੀ ਮੁਨਿਵਰ ਗਲੇ***
***ਮਾਨੁ ਸਭੈ ਕਉ ਖਾਇ ॥੧੫੯॥***

*(ਅੰਗ ੧੩੭੨)*

ਪ੍ਰਭਤਾ ਇੱਕ ਐਸੀ ਨਦੀ ਹੈ। ਜਿਸ ਦੇ ਛੱਲ ਵਿੱਚ ਵੱਡੇ-ਵੱਡੇ ਗਿਰ ਰਹੇ ਹਨ। ਪ੍ਰਭਤਾ ਵਾਲਾ ਹਰ ਵੇਲੇ ਆਪਣੀ ਉਸਤਤਿ ਚਾਹੁੰਦਾ ਹੈ, ਮਾਇਆ ਵੀ ਨਾ ਮਿਲੇ, ਰੋਟੀ ਵੀ ਬੇਸ਼ਕ ਨਾ ਮਿਲੇ ਪਰ ਉਪਮਾ ਹੁੰਦੀ ਰਹੇ। ਜਿਹੜਾ ਇਹ ਪ੍ਰਭਤਾ ਦੀ ਨਦੀ ਲੰਘ ਜਾਂਦਾ ਹੈ ਫਿਰ ਉਹ ਕਹਿੰਦਾ ਹੈ :

*ਨਿੰਦਉ ਨਿੰਦਉ ਮੋ ਕਉ ਲੋਗੁ ਨਿੰਦਉ ॥*
*ਨਿੰਦਾ ਜਨ ਕਉ ਖਰੀ ਪਿਆਰੀ ॥*

*(ਅੰਗ ੩੩੯)*

ਇਸ ਲਈ ਪ੍ਰਭੂ ਅੱਗੇ ਅਰਦਾਸ ਕਰਨੀ ਚਾਹੀਦੀ ਹੈ। ਹੇ ਪ੍ਰਭੂ! ਕਿਸੇ ਵੀ ਸਾਧਨ ਨਾਲ ਪੰਜਾਂ ਤੋਂ ਛੁਟਕਾਰਾ ਨਹੀਂ ਹੋਣਾ ਸਗੋਂ ਮਨੁੱਖ ਹੋਰ ਅਹੰਕਾਰ ਵਿੱਚ ਬੱਝ ਜਾਂਦਾ ਹੈ, ਮੈਂ ਹੋਰ ਆਸਰੇ ਛੱਡ ਕੇ ਤੇਰੇ ਦਰ ਤੇ ਆਣ ਡਿੱਗਾ ਹਾਂ। ਆਪ ਹੀ ਭਲਾਈ ਬੁਰਾਈ ਨੂੰ ਪਰਖਣ ਵਾਲੀ ਅਕਲ ਦਿਉ।

*ਪਿਆਰੇ ਇਨ ਬਿਧਿ ਮਿਲਣੁ ਨ ਜਾਈ*
*ਮੈ ਕੀਏ ਕਰਮ ਅਨੇਕਾ ॥*
*ਹਾਰਿ ਪਰਿਓ ਸੁਆਮੀ ਕੈ ਦੁਆਰੈ*
*ਦੀਜੈ ਬੁਧਿ ਬਿਬੇਕਾ ॥ ਰਹਾਉ ॥*

*(ਅੰਗ ੬੪੧)*

***

**ਨੌਵੇਂ ਪਾਤਸ਼ਾਹ ਜੀ ਦਾ ਪੈਂਤੀਵਾਂ ਸਲੋਕ :**

***ਬਾਲ ਜੁਆਨੀ ਅਰੁ ਬਿਰਧਿ ਫੁਨਿ ਤੀਨਿ ਅਵਸਥਾ ਜਾਨਿ ॥***
***ਕਹੁ ਨਾਨਕ ਹਰਿ ਭਜਨ ਬਿਨੁ ਬਿਰਥਾ ਸਭ ਹੀ ਮਾਨੁ ॥੩੫॥***

*(ਅੰਗ ੧੪੨੮)*

ਬਚਪਨ, ਜੁਆਨੀ ਅਤੇ ਫੇਰ ਬੁਢੇਪਾ ਸਰੀਰ ਦੀਆਂ ਤਿੰਨ ਅਵਸਥਾ ਜਾਣੋ ਪਰੰਤੂ ਹਰੀ ਭਜਨ ਤੋਂ ਬਿਨਾਂ ਇਹ ਸਾਰੀਆਂ ਹੀ ਨਿਸਫਲ ਸਮਝੋ।

ਮਨੁੱਖਾ ਜ਼ਿੰਦਗੀ ਦੀ ਰਾਤ ਦੇ ਵੀ ਚਾਰ ਪਹਿਰ ਹਨ। ਪਹਿਲੇ ਪਹਿਰ ਵਿੱਚ ਜੀਵ ਪਰਮਾਤਮਾ ਦੇ ਹੁਕਮ ਨਾਲ ਗਰਭ ਵਿੱਚ ਆਉਂਦਾ ਹੈ ਤੇ ਉਰਧ (ਪੁੱਠਾ) ਹੋ ਕੇ ਤਪ ਕਰਦਾ ਹੈ। ਪਰਮਾਤਮਾ ਅੱਗੇ ਅਰਦਾਸਾਂ ਕਰਦਾ ਹੈ ਕਿ ਮੈਨੂੰ ਇੱਥੋਂ ਬਾਹਰ ਕੱਢ, ਤੇਰਾ ਸਵਾਸ-ਸਵਾਸ ਨਾਮ ਜਪਾਂਗਾ :

*ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ*
*ਹੁਕਮਿ ਪਇਆ ਗਰਭਾਸਿ ॥*
*ਉਰਧ ਤਪੁ ਅੰਤਰਿ ਕਰੇ ਵਣਜਾਰਿਆ ਮਿਤ੍ਰਾ*
*ਖਸਮ ਸੇਤੀ ਅਰਦਾਸਿ ॥*

*(ਅੰਗ ੭੪)*

ਮਾਤਾ ਦੇ ਗਰਭ ਵਿੱਚ ਜੀਵ ਭਾਵੇਂ ਪੁੱਠਾ ਹੁੰਦਾ ਪਰ ਕੰਮ ਸਿੱਧਾ ਕਰ ਰਿਹਾ ਹੁੰਦਾ ਹੈ। ਨਾਮ ਜਪ ਰਿਹਾ ਹੁੰਦਾ ਹੈ ਪਰ ਜਦੋਂ ਬਾਹਰ ਆਉਂਦਾ ਹੈ ਤਾਂ ਸਿੱਧਾ ਹੋ ਜਾਂਦਾ ਹੈ ਪਰ ਕੰਮ ਪੁੱਠੇ ਕਰਨ ਲੱਗ ਪੈਂਦਾ ਹੈ। ਦਾਤੇ ਨੂੰ ਭੁਲਾ ਦਿੰਦਾ ਹੈ ਤੇ ਦੁਨੀਆਂ ਨਾਲ ਚਿੱਤ ਜੋੜ ਲੈਂਦਾ ਹੈ ਜਿਵੇਂ ਨੇਤਰਹੀਨ ਬੰਦਾ ਸੋਟੀ ਦੇ ਆਸਰੇ ਤੁਰਦਾ ਹੈ ਪਰ ਜੇ ਉਸਨੂੰ ਦਿੱਸਣ ਲੱਗ ਜਾਵੇ ਤਾਂ ਉਹ ਸਭ ਤੋਂ ਪਹਿਲਾਂ ਸੋਟੀ ਨੂੰ ਪਰ੍ਹੇ ਸੁੱਟਦਾ ਹੈ।

*ਵਿਚਹੁ ਗਰਭੈ ਨਿਕਲਿ ਆਇਆ ॥*
*ਖਸਮੁ ਵਿਸਾਰਿ ਦੁਨੀ ਚਿਤੁ ਲਾਇਆ ॥*

*(ਅੰਗ ੧੦੦੭)*

ਇਸ ਤਰ੍ਹਾਂ ਜ਼ਿੰਦਗੀ ਦੀ ਰਾਤ ਦਾ ਦੂਜਾ ਪਹਿਰ ਸ਼ੁਰੂ ਹੋ ਜਾਂਦਾ ਹੈ। ਮਾਂ ਕਹਿੰਦੀ ਹੈ, ਮੇਰਾ ਲਾਡਲਾ ਪੁੱਤਰ। ਪਿਓ ਕਹਿੰਦਾ ਹੈ, ਮੇਰਾ ਪੁੱਤਰ। ਭੈਣਾਂ ਕਹਿੰਦੀਆਂ ਹਨ ਮੇਰਾ ਵੀਰ ਪਰ ਜਿਸਨੇ ਭੇਜਿਆ ਸੀ ਉਸਦਾ ਕਿਸੇ ਨੇ ਨਾਮ ਨਾ ਲਿਆ, ਦਾਤ ਪਿਆਰੀ ਹੋ ਗਈ ਤੇ ਦੇਣ ਵਾਲਾ ਵਿਸਰ ਗਿਆ।

ਇਹ ਜੀਵ ਵੀ ਸਭ ਕੁਝ ਆਪਣੇ ਪਰਿਵਾਰ ਨੂੰ ਸਮਝਣ ਲੱਗ ਪਿਆ ਅਤੇ ਦੁਨੀਆਂ ਦੇ ਮੇਲੇ ਵਿੱਚ ਆ ਕੇ ਭੁੱਲ ਗਿਆ ਕਿ ਵਾਪਸ ਵੀ ਜਾਣਾ ਹੈ। ਇਸ ਤਰ੍ਹਾਂ 12 ਬਰਸ ਬਚਪਨ ਵਿੱਚ ਬੀਤ ਗਏ। ਜ਼ਿੰਦਗੀ ਦਾ ਤੀਜਾ ਪਹਿਰ ਲੰਘ ਗਿਆ। ਜੀਵ ਨੇ ਆਪਣਾ ਚਿੱਤ ਧਨ ਤੇ ਜੋਬਨ ਨਾਲ ਜੋੜ ਲਿਆ ਜਿਸ ਮਾਲਕ ਦੇ ਨਾਮ ਨੇ ਦਰਗਾਹ ਵਿੱਚ ਬੱਧੇ ਹੋਏ ਨੂੰ ਛੁਡਾਉਣਾ ਸੀ ਉਸ ਨੂੰ ਚੇਤੇ ਨਾ ਕੀਤਾ :

*ਤੀਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ*
*ਧਨ ਜੋਬਨ ਸਿਉ ਚਿਤੁ ॥*
*ਹਰਿ ਕਾ ਨਾਮੁ ਨ ਚੇਤਹੀ ਵਣਜਾਰਿਆ ਮਿਤ੍ਰਾ*

***ਬਧਾ ਛੁਟਹਿ ਜਿਤੁ ॥***

*(ਅੰਗ ੭੫)*

ਜਵਾਨੀ ਵਿੱਚ ਕਈ ਵਲ ਛਲ ਕਰਕੇ ਧਨ ਇਕੱਠਾ ਕਰਨ ਲੱਗ ਪਿਆ ਤੇ ਇਸ ਤਰ੍ਹਾਂ ਪੁੱਤਰਾਂ ਤੇ ਲੁਟਾਉਣ ਲੱਗਾ। ਪਰਮਾਤਮਾ ਨੇ ਧੀਆਂ-ਪੁੱਤਰ ਖਿਡਾਉਣੇ ਦਿੱਤੇ ਸਨ ਪਰ ਜੀਵ ਖਿਡਾਉਨਿਆਂ ਵਿਚ ਹੀ ਮਸਤ ਹੋ ਗਿਆ, ਦੇਣ ਵਾਲੇ ਨੂੰ ਭੁੱਲ ਗਿਆ :

***ਜੋ ਦੇਵੈ ਤਿਸੈ ਨ ਜਾਣੈ ਮੂੜਾ ਦਿਤੇ ਨੋ ਲਪਟਾਏ ॥***

*(ਅੰਗ ੭੬)*

ਇਸ ਤਰ੍ਹਾਂ ਜ਼ਿੰਦਗੀ ਦਾ ਤੀਜਾ ਪਹਿਰ ਵੀ ਬੀਤ ਗਿਆ ਤੇ ਚੌਥਾ ਪਹਿਰ ਲੱਗ ਗਿਆ। ਜਿਸ ਵਿੱਚ ਜੀਵ ਦੀਆਂ ਅੱਖਾਂ ਵਿੱਚੋਂ ਪਾਨੀ ਵਗਣ ਲੱਗ ਪਿਆ, ਤਨ ਕਮਜ਼ੋਰ ਹੋ ਗਿਆ, ਕੇਸ ਦੁੱਧ ਵਰਗੇ ਚਿੱਟੇ ਹੋ ਗਏ, ਗਲਾ ਰੁਕ ਗਿਆ, ਹੁਣ ਵਾਹਿਗੁਰੂ ਵੀ ਨਹੀਂ ਕਹਿ ਸਕਦਾ।

***ਨੈਨਹੁ ਨੀਰੁ ਬਹੈ ਤਨੁ ਖੀਨਾ***
***ਭਏ ਕੇਸ ਦੁਧ ਵਾਨੀ ॥***
***ਰੂਧਾ ਕੰਠੁ ਸਬਦੁ ਨਹੀ ਉਚਰੈ***
***ਅਬ ਕਿਆ ਕਰਹਿ ਪਰਾਨੀ ॥੧॥***

*(ਅੰਗ ੬੫੯)*

ਕਾਲ ਭਾਵੇਂ ਸਿਰ ਤੇ ਖੜ੍ਹਾ ਹੈ ਪਰ ਅਜੇ ਵੀ ਮਾਇਆ ਨੂੰ ਜੱਫੇ ਮਾਰ ਰਿਹਾ ਹੈ। ਇੱਕ ਬਜ਼ੁਰਗ ਪੈਸਿਆਂ ਵਾਲਾ ਪੀਪਾ ਜ਼ਮੀਨ ਵਿੱਚ ਨੱਪ ਕੇ ਉੱਪਰ ਸੌਂਦਾ ਸੀ ਕਿ ਕੋਈ ਚੁੱਕ ਕੇ ਨਾ ਲੈ ਜਾਵੇ। ਇੱਕ ਦਿਨ ਰਾਤ ਸੁੱਤੇ ਨੂੰ ਜਮ ਲੈਣ ਆ ਗਏ ਕਿਉਂਕਿ ਜ਼ਿੰਦਗੀ ਦੇ ਚੌਥੇ ਪਹਿਰ ਵਿੱਚ ਸਰੀਰ ਰੂਪੀ ਖੇਤ ਪੱਕ ਕੇ ਤਿਆਰ ਹੋ ਜਾਂਦਾ ਹੈ ਤੇ ਇਸ ਨੂੰ ਵੱਢਣ ਵਾਲੇ ਲਾਵੀ (ਜਮ) ਆ ਜਾਂਦੇ ਹਨ। ਉਹ ਕਿੱਧਰੋਂ ਆਉਂਦੇ ਹਨ, ਕਿੱਧਰ ਲੈ ਜਾਂਦੇ ਹਨ, ਇਸ ਬਾਰੇ ਕਿਸੇ ਨੂੰ ਭੇਦ ਨਹੀਂ ਦਿੰਦੇ।

***ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ***
***ਲਾਵੀ ਆਇਆ ਖੇਤੁ ॥***
***ਜਾ ਜਮਿ ਪਕੜਿ ਚਲਾਇਆ ਵਣਜਾਰਿਆ ਮਿਤ੍ਰਾ***
***ਕਿਸੈ ਨ ਮਿਲਿਆ ਭੇਤੁ ॥***

*(ਅੰਗ ੭੫)*

ਬਜ਼ੁਰਗ ਆਪਣੀ ਮਾਇਆ ਵੱਲ ਵੇਖ ਕੇ ਕਹਿਣ ਲੱਗਾ, ਹੇ ਮਾਇਆ! ਮੈਂ ਤੈਨੂੰ ਇਕੱਠਾ ਕਰਨ ਲਈ ਕਿੰਨੇ ਵਲ ਛਲ, ਫਰੇਬ, ਭੱਜ ਦੌੜ ਕੀਤੀ ਹੁਣ ਤੂੰ ਇੱਕ ਕਦਮ ਵੀ ਮੇਰੇ ਨਾਲ ਨਹੀਂ ਜਾ ਸਕਦੀ? ਮਾਇਆ ਨੇ ਆਖਿਆ, ਮੈਂ ਤਾਂ ਬਣੀ ਸੀ ਕਿਸੇ ਭੁੱਖੇ ਦੀ ਭੁੱਖ ਮਿਟਾਉਣ ਵਾਸਤੇ, ਕਿਸੇ ਨੰਗੇ ਦਾ ਤਨ ਕੱਜਣ ਵਾਸਤੇ ਪਰ ਤੂੰ ਮੈਨੂੰ ਜ਼ਮੀਨ ਵਿੱਚ ਦੱਬ ਛੱਡਿਆ ਸੀ, ਜਿਹੋ ਜਿਹਾ ਸਲੂਕ ਤੂੰ ਮੇਰੇ ਨਾਲ ਕੀਤਾ, ਹੁਣ ਰੱਬ ਵੀ ਤੇਰੇ ਨਾਲ ਇਹੋ ਜਿਹਾ ਸਲੂਕ ਕਰੇਗਾ। ਜਮ ਗਲ ਵਿੱਚ ਸੰਗਲ ਪਾ ਕੇ ਲੈ ਤੁਰੇ। ਰਾਹ ਵਿੱਚ ਬੜੀ ਭੁੱਖ ਪਿਆਸ ਲੱਗੀ। ਜਮਾਂ ਨੂੰ ਕਹੇ, ਮੈਨੂੰ ਭੋਜਨ ਦਿਓ ਜਮ ਕਹਿੰਦੇ, ਦਰਗਾਹ ਵਾਸਤੇ ਕੋਈ ਤੋਸਾ (ਭੋਜਨ) ਕਮਾਇਆ ਹੈ ਤਾਂ ਦੱਸ? ਇੱਥੇ ਤਾਂ ਨਾਮ ਦਾ ਤੋਸਾ (ਭੋਜਨ) ਮਿਲਣਾ ਸੀ ਜੋ ਤੂੰ ਸਾਰੀ ਜ਼ਿੰਦਗੀ ਨਹੀਂ ਕਮਾਇਆ।

***ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ ॥***
***ਹਰਿ ਕਾ ਨਾਮੁ ਊਹਾ ਸੰਗਿ ਤੋਸਾ ॥***

*(ਅੰਗ ੨੬੪)*

ਇਸ ਲਈ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਪਾਤਸ਼ਾਹ ਕਹਿੰਦੇ ਹਨ ਬਚਪਨ, ਜਵਾਨੀ, ਬੁਢਾਪਾ ਸਰੀਰ ਦੀਆਂ ਤਿੰਨ ਅਵਸਥਾ ਹਰੀ ਭਜਨ ਤੋਂ ਬਿਨਾਂ ਨਿਸਫਲ ਹਨ।

***

***ਨੌਵੇਂ ਪਾਤਸ਼ਾਹ ਜੀ ਦਾ ਛਤੀਵਾਂ ਸਲੋਕ :***

***ਕਰਣੋ ਹੁਤੋ ਸੁ ਨਾ ਕੀਓ ਪਰਿਓ ਲੋਭ ਕੈ ਫੰਧ ॥***
***ਨਾਨਕ ਸਮਿਓ ਰਮਿ ਗਇਓ ਅਬ ਕਿਉ ਰੋਵਤ ਅੰਧ ॥੩੬॥***

*(ਅੰਗ ੧੪੨੮)*

ਜੋ ਕਰਨਾ ਸੀ, ਉਹ ਨਹੀਂ ਕੀਤਾ ਅਤੇ ਲੋਭ ਦੀ ਫਾਹੀ ਪੈ ਗਿਆ। ਜਦ ਸਮਾਂ ਬੀਤ ਗਿਆ ਹੈ ਤਾਂ ਹੇ ਅੰਨ੍ਹੇ ਮਨੁੱਖ! ਹੁਣ ਕਿਉਂ ਰੋਂਦਾ ਹੈਂ?

ਲੋਭੀ ਬੰਦੇ ਦਾ ਪੇਟ ਸਮੁੰਦਰ ਤੋਂ ਵੀ ਵੱਡਾ ਹੁੰਦਾ ਹੈ, ਜੋ ਕਦੇ ਨਹੀਂ ਭਰਦਾ ਕਿਉਂਕਿ ਮਨ ਦੀ ਤ੍ਰਿਸ਼ਨਾ ਦੇ ਅਧੀਨ ਆਦਮੀ ਅੱਗੇ ਸਾਰੀਆਂ ਪੁਰੀਆਂ ਦੇ ਪਦਾਰਥ ਵੀ ਬੰਨ ਕੇ ਰੱਖ ਦੇਈਏ, ਫਿਰ ਵੀ ਉਸ ਦੀ ਭੁੱਖ ਨਹੀਂ ਲਹਿੰਦੀ :

***ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ ॥***

*(ਅੰਗ ੧)*

ਇੱਕ ਗਰੀਬ ਆਦਮੀ ਰੋਜ਼ ਇੱਕ ਕਿਲੋ ਮੱਖਣ ਦਾ ਪੇੜਾ ਇੱਕ ਦੁਕਾਨ ਤੇ ਵੇਚ ਕੇ ਘਰੇਲੂ ਸਮਾਨ ਲੈ ਆਉਂਦਾ ਸੀ। ਦੁਕਾਨਦਾਰ ਨੂੰ ਵਿਸ਼ਵਾਸ ਸੀ ਕਿ ਇਸ ਨੇ ਘਰੋਂ ਤੋਲ ਕੇ ਹੀ ਲਿਆਂਦਾ ਹੈ ਪਰ ਇੱਕ ਦਿਨ ਉਸ ਦੁਕਾਨਦਾਰ ਨੇ ਪਰਖਣ ਵਾਸਤੇ ਮੱਖਣ ਦਾ ਪੇੜਾ ਤੋਲ ਲਿਆ ਤਾਂ ਉਹ 900 ਗ੍ਰਾਮ ਹੀ ਨਿਕਲਿਆ। ਦੁਕਾਨਦਾਰ ਨੇ ਪੇੜਾ ਵੇਚਣ ਵਾਲੇ ਨੂੰ ਬਹੁਤ ਬੁਰਾ ਭਲਾ ਕਿਹਾ ਕਿ ਮੈਂ ਤੇਰੇ ਤੇ ਵਿਸ਼ਵਾਸ ਕਰਕੇ ਆਪ ਨਹੀਂ ਸੀ ਤੋਲਦਾ ਤੇ ਤੂੰ ਧੋਖਾ ਕੀਤਾ ਹੈ। ਅੱਜ ਤੋਂ ਬਾਅਦ ਮੇਰੀ ਦੁਕਾਨ ਤੇ ਨਾ ਆਵੀਂ।

ਉਹ ਗਰੀਬ ਬੰਦਾ ਕਹਿੰਦਾ ਮੇਰਾ ਕੋਈ ਕਸੂਰ ਨਹੀਂ, ਮੇਰੇ ਕੋਲ ਸਿਰਫ ਤਕੜੀ ਹੈ ਪਰ ਵੱਟੇ ਨਹੀਂ ਹਨ। ਮੈਂ ਜਿਹੜੀ ਤੁਹਾਡੇ ਕੋਲੋਂ ਕਿਲੋ ਖੰਡ ਲੈ ਕੇ ਜਾਂਦਾ ਹਾਂ ਉਸ ਨੂੰ ਹੀ ਤਕੜੀ ਦੇ ਇੱਕ ਪਾਸੇ ਰੱਖ ਕੇ ਮੱਖਣ ਦਾ ਪੇੜਾ ਤੋਲ ਕੇ ਲੈ ਆਉਂਦਾ ਹਾਂ। ਇਹ ਸੁਣ ਕੇ ਦੁਕਾਨਦਾਰ ਬੜਾ ਸ਼ਰਮਿੰਦਾ ਹੋਇਆ ਕਿਉਂਕਿ ਉਹ ਲੋਭ ਲਾਲਚ ਕਰਕੇ ਖੰਡ 900 ਗ੍ਰਾਮ ਹੀ ਦਿੰਦਾ ਰਿਹਾ ਸੀ ਕਿਉਂਕਿ ਬੰਦੇ ਦੀਆਂ ਲੋੜਾਂ ਦੀ ਪੂਰਤੀ ਤਾਂ ਹੋ ਸਕਦੀ ਹੈ ਪਰ ਲੋਭ ਦੀ ਤ੍ਰਿਪਤੀ ਕਦੇ ਨਹੀਂ ਹੁੰਦੀ। ਲੱਖਾਂ ਲੋਕ ਆਏ ਕਿ ਤ੍ਰਿਸ਼ਨਾ ਦਾ ਖੂਹ ਭਰ ਜਾਏ ਪਰ ਇਹ ਤਾਂ ਇਸ ਤਰ੍ਹਾਂ ਹੈ ਜਿਵੇਂ ਕੋਈ ਅੱਗ ਦੇ ਭਾਂਬੜ ਕੋਲ ਖਲੋ ਕੇ ਕਹੇ ਕਿ ਇੱਕੋ ਵਾਰ ਸਾਰੀਆਂ ਲੱਕੜਾਂ ਲੈ ਆਓ, ਅੱਗ ਨੂੰ ਬਾਲਣ ਨਾਲ ਰਜ਼ਾ ਦੇਣਾ ਹੈ ਪਰ ਇਹ ਵਿਧੀ ਕੰਮ ਨਹੀਂ ਆਈ ਕਿਉਂਕਿ ਅੱਗ ਦਾ ਵਿਰੋਧੀ ਤੱਤ ਹੈ ਪਾਣੀ ਤੇ ਤ੍ਰਿਸ਼ਨਾ ਦਾ ਵਿਰੋਧੀ ਤੱਤ ਹੈ ਨਾਮ।

***ਜਿਉ ਪਾਵਕੁ ਈਧਨਿ ਨਹੀ ਧ੍ਰਾਪੈ***
***ਬਿਨੁ ਹਰਿ ਕਹਾ ਅਘਾਈ ॥ ਰਹਾਉ ॥***

*(ਅੰਗ ੬੭੨)*

ਕਿਸੇ ਸਮੇਂ ਸੱਤੇ ਤੇ ਬਲਵੰਡ ਉੱਪਰ ਵੀ ਲੋਭ ਹਾਵੀ ਹੋ ਗਿਆ ਸੀ ਜਿਸ ਕਾਰਨ ਗੁਰੂ ਘਰੋਂ ਫਿਟਕਾਰੇ ਗਏ, ਸੰਗਤਾਂ ਦੀਆਂ ਲਾਹਨਤਾਂ ਵੀ ਸਹਾਰਨੀਆਂ ਪਈਆਂ। ਸਰੀਰ ਵੀ ਰੋਗੀ ਹੋ ਗਿਆ ਇਹ ਸਾਰੀ ਲੋਭ ਦੀ ਹੀ ਦੇਣ ਸੀ ਜਦੋਂ ਬੰਦਾ ਪਰਮਾਤਮਾ ਨੂੰ ਵਿਸਾਰ ਕੇ ਲੋਭ ਦੀ ਫਾਹੀ ਵਿੱਚ ਪੈ ਜਾਂਦਾ ਹੈ ਤਾਂ ਇਹ ਮਨੁੱਖ ਦੇ ਗੁਣਾਂ ਨੂੰ ਇਸ ਤਰ੍ਹਾਂ ਬਰਬਾਦ ਕਰ ਦਿੰਦਾ ਹੈ ਜਿਸ ਤਰ੍ਹਾਂ ਬੂਰ ਪਾਣੀ ਦਾ ਰੂਪ, ਰੰਗ, ਸਵਾਦ ਨਾਸ਼ ਕਰ ਦਿੰਦਾ ਹੈ।

***ਲਬੁ ਵਿਣਾਹੇ ਮਾਣਸਾ ਜਿਉ ਪਾਣੀ ਬੂਰੁ ॥***

*(ਅੰਗ ੯੬੭)*

ਮਨੁੱਖਾ ਜਨਮ ਮਿਲਿਆ ਸੀ ਨਾਮ ਧਨ ਇਕੱਠਾ ਕਰਨ ਵਾਸਤੇ। ਉਸ ਧਨ ਤੋਂ ਇਹ ਵਾਂਝਾ ਹੀ ਰਿਹਾ ਤੇ ਅੰਤ ਵੇਲੇ ਪਾਪਾਂ ਦੀ ਪੰਡ ਚੁੱਕ ਕੇ ਤੁਰ ਪਿਆ। ਜਮਾਂ ਨੇ ਗਲ ਵਿੱਚ ਆ ਕੇ ਰੱਸਾ ਪਾ ਲਿਆ ਤੇ ਮਾਰਦੇ ਕੁੱਟਦੇ ਨੂੰ ਜਮਪੁਰੀ ਵੱਲ ਤੋਰ ਲਿਆ। ਉਸ ਵਕਤ ਜੀਵ ਬਹੁਤ ਪਛਤਾਉਂਦਾ ਤੇ ਰੋਂਦਾ ਹੈ ਕਿ ਮੈਂ ਦੁਨੀਆਂ ਤੇ ਆ ਕੇ ਜਿਹੜਾ ਧਨ ਨਾਲ ਨਿਭਣਾ ਸੀ, ਉਹ ਨਹੀਂ ਕਮਾਇਆ। ਸਤਿਗੁਰੂ ਜੀ ਫ਼ਰਮਾਉਂਦੇ ਹਨ :

***ਕਰਣੋ ਹੁਤੋ ਸੁ ਨਾ ਕੀਓ ਪਰਿਓ ਲੋਭ ਕੈ ਫੰਧ ॥***
***ਨਾਨਕ ਸਮਿਓ ਰਮਿ ਗਇਓ ਅਬ ਕਿਉ ਰੋਵਤ ਅੰਧ ॥੩੯॥***

*(ਅੰਗ ੧੪੨੮)*

*—ਬਾਕੀ ਸਲੋਕ ਅਗਲੇ ਅੰਕ ਵਿੱਚ ਪੜ੍ਹੋ ਜੀ*

# ਸਵਾਲ ਜਵਾਬ

# ਜ਼ਿੰਦਗੀ ਦੀਆਂ ਬਰੀਕੀਆਂ

ਸਤਿਗੁਰੂ ਜੀ ਦੀ ਕ੍ਰਿਪਾ ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀ ਪ੍ਰੇਰਨਾ ਨਾਲ ਜ਼ਿੰਦਗੀ ਦੀਆਂ ਬਰੀਕੀਆਂ ਕਾਲਮ **'ਸਿਫਤਿ ਸਾਲਾਹ ਰਸਾਲੇ'** ਵਿੱਚ ਪਿਛਲੇ ਕਈ ਸਾਲਾਂ ਤੋਂ ਪ੍ਰਕਾਸ਼ਿਤ ਹੋ ਰਿਹਾ ਹੈ। ਇਸ ਕਾਲਮ ਵਿੱਚ ਭਾਈ ਸਾਹਿਬ ਜੀ ਦੇ ਕੀਰਤਨ ਦੇ ਉਨ੍ਹਾਂ ਅੰਸ਼ਾਂ ਨੂੰ ਸਵਾਲ-ਜਵਾਬ ਦੇ ਰੂਪ ਵਿੱਚ ਹੂ-ਬ-ਹੂ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ ਜਿਨ੍ਹਾਂ ਵਿੱਚ ਭਾਈ ਸਾਹਿਬ ਕੀਰਤਨ ਕਰਦਿਆਂ ਸੰਗਤਾਂ ਨੂੰ ਆਮ ਪੇਸ਼ ਆਉਂਦੀਆਂ ਦੁਨਿਆਵੀ ਤੇ ਅਧਿਆਤਮਿਕ ਸਮੱਸਿਆਵਾਂ ਦਾ ਗੁਰਮਤਿ ਅਨੁਸਾਰ ਸਮਾਧਾਨ ਕਰਨ ਦੀ ਪ੍ਰੇਰਨਾ ਦਿੰਦੇ ਹਨ। ਇਸ ਤੋਂ ਇਲਾਵਾ ਉਨ੍ਹਾਂ ਸਵਾਲਾਂ ਨੂੰ ਵੀ ਇਸ ਕਾਲਮ ਦਾ ਹਿੱਸਾ ਬਣਾਇਆ ਜਾਂਦਾ ਹੈ ਜਿਨ੍ਹਾਂ ਰਾਹੀਂ ਸਮੇਂ ਸਮੇਂ ਸੰਗਤਾਂ ਭਾਈ ਸਾਹਿਬ ਤੋਂ ਗੁਰਮਤਿ ਅਨੁਸਾਰ ਦੁਨਿਆਵੀ ਤੇ ਅਧਿਆਤਮਿਕ ਸੇਧ ਪ੍ਰਾਪਤ ਕਰਦੀਆਂ ਹਨ।

**34. ਸਵਾਲ: ਸਤਿਕਾਰਯੋਗ ਵੀਰ ਜੀ, ਸਿੱਖ ਗੁਰੂ ਦੇ ਭਾਣੇ ਵਿੱਚ ਰਹੇ ਜਾਂ ਦੁਖ ਆਉਣ 'ਤੇ ਅਰਦਾਸ ਕਰੇ?**

**ਜਵਾਬ:** ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣੇ ਵਾਲੇ ਬਚਨ ਕਰਦੇ ਸਨ ਕਿ ਭਾਣਾ ਮੰਨਣਾ ਧੰਨ ਗੁਰੂ ਨਾਨਕ ਸਾਹਿਬ ਦੇ ਘਰ ਦੀ ਅਖ਼ੀਰਲੀ ਕਲਾਸ ਹੈ। ਇੱਥੇ ਤਾਂ ਕੋਈ ਕੋਈ ਪਹੁੰਚਦਾ ਹੈ।

***ਤੇਰਾ ਭਾਣਾ ਤੂਹੈ ਮਨਾਇਹਿ ਜਿਸ ਨੋ ਹੋਹਿ ਦਇਆਲਾ ॥***

*(ਅੰਗ ੭੪੭)*

ਪੰਚਮ ਪਾਤਸ਼ਾਹ ਜੀ ਨੇ ਤੱਤੀਆਂ ਤਵੀਆਂ 'ਤੇ ਬੈਠ ਕੇ, ਨੌਵੇਂ ਪਾਤਸ਼ਾਹ ਜੀ ਨੇ ਹਿੰਦੂ ਧਰਮ ਦੀ ਰੱਖਿਆ ਕਰਨ ਲਈ ਚਾਂਦਨੀ ਚੌਂਕ ਵਿੱਚ ਸ਼ਹਾਦਤ ਦੇ ਕੇ ਅਤੇ ਗੁਰੂ ਸਾਹਿਬਾਨ ਦੇ ਅਨੇਕਾਂ ਸਿੰਘਾਂ ਨੇ ਆਪਣੇ ਆਪ ਨੂੰ ਨਿਛਾਵਰ ਕਰਕੇ ਗੁਰੂ ਦਾ ਭਾਣਾ ਮੰਨਿਆ, ਪਰ ਇਹ ਬਹੁਤ ਵੱਡੀ ਅਵਸਥਾ ਹੈ। ਸਾਨੂੰ ਤਾਂ ਇਹ ਸੁਮੱਤ ਹੈ ਕਿ ਜੀਵਨ ਵਿੱਚ ਦੁਖ-ਸੁਖ ਆਉਂਦੇ ਰਹਿੰਦੇ ਹਨ। ਇਸ ਲਈ ਕਰਮਾਂ ਕਰਕੇ ਜੇ ਦੁਖ ਆ ਗਿਆ ਹੈ ਤਾਂ ਨੇਮ ਵਧਾ ਕੇ ਗੁਰੂ ਸਾਹਿਬ ਜੀ ਦੇ ਚਰਨਾਂ ਵਿੱਚ ਅਰਦਾਸ ਕਰੋ, ਸਤਿਗੁਰੂ ਜੀ! ਜੇ ਦੁਖ ਆ ਗਿਆ ਹੈ ਤਾਂ ਇਸ ਨੂੰ ਸਹਿਣ ਕਰਨ ਦੀ ਸ਼ਕਤੀ ਵੀ ਬਖਸ਼ਣਾ ਜਾਂ ਕੋਈ ਵੱਡਾ ਦੁਖ ਆ ਗਿਆ ਹੈ ਤਾਂ ਇਸ ਦੁਖ ਨੂੰ ਛੋਟਾ ਕਰਕੇ ਜਲਦੀ ਤੋਂ ਜਲਦੀ ਕੱਟ ਦੇਣਾ।

ਜੇ ਹੁਣ ਸੁਖ ਆ ਗਿਆ ਹੈ ਤਾਂ ਅਸੀ ਗੁਰੂ ਸਾਹਿਬ ਨੂੰ ਭੁੱਲ ਨਾ ਜਾਈਏ। ਧੀ-ਪੁੱਤਰ ਦਾ ਸੁਖ ਮਿਲ ਗਿਆ, ਆਪਣੇ ਰਹਿਣ ਬਸੇਰੇ ਦਾ ਸੁਖ ਮਿਲ

ਗਿਆ ਜਾਂ ਮਾਇਆ ਦਾ ਸੁਖ ਮਿਲ ਗਿਆ ਤਾਂ ਇੰਨੇ ਸੁਖਾਂ ਦੇ ਨਸ਼ੇ ਵਿੱਚ ਅੰਨ੍ਹੇ ਨਾ ਹੋ ਜਾਈਏ ਸਗੋਂ ਨੇਮ ਵਧਾ ਕੇ ਗੁਰੂ ਸਾਹਿਬ ਜੀ ਦਾ ਸ਼ੁਕਰਾਨਾ ਕਰੀਏ ਕਿ ਸਤਿਗੁਰੂ ਜੀ! ਆਪ ਜੀ ਨੇ ਕਿਰਪਾ ਕੀਤੀ ਤਾਂ ਹੀ ਇੰਨੇ ਸੁਖ ਪ੍ਰਾਪਤ ਹੋਏ ਹਨ ਤੇ ਅੱਗੇ ਵੀ ਆਪਣੀ ਕਿਰਪਾ ਬਣਾਈ ਰੱਖਣਾ ਜੀ।

***

**35. ਸਵਾਲ: ਸਤਿਕਾਰਯੋਗ ਵੀਰ ਜੀ, ਸੰਗਤ ਵਿੱਚ ਕਿਸ ਤਰ੍ਹਾਂ ਬੈਠਣ ਨਾਲ ਮਨ ਹਜ਼ੂਰੀ ਵਿੱਚ ਰਹੇ?**

**ਜਵਾਬ:** ਸਿੱਖ ਜਦੋਂ ਵੀ ਸੰਗਤ ਵਿੱਚ ਬੈਠਦਾ ਹੈ ਤਾਂ ਉਹ ਆਪਣੀ ਬਿਰਤੀ ਸ਼ਬਦ ਵਿੱਚ ਰੱਖਦਾ ਹੈ ਤੇ ਸਿਮਰਨ ਦਾ ਅਨੰਦ ਲੈਂਦਾ ਹੈ। ਨਾਲ ਨਾਲ ਆਪਣੇ ਆਪ ਨੂੰ ਤੋਲਦਾ ਹੈ ਕਿ ਇਸ ਸ਼ਬਦ ਰਾਹੀਂ ਗੁਰੂ ਸਾਹਿਬ ਜੋ ਅਗਵਾਈ ਬਖਸ਼ ਰਹੇ ਹਨ, ਉਸ ਵਿੱਚੋਂ ਮੇਰਾ ਜੀਵਨ ਕਿੱਥੇ ਕੁ ਹੈ।

ਇਹ ਬਾਬਾ ਨੰਦ ਸਿੰਘ ਜੀ ਦਾ ਵੀ ਬਚਨ ਹੈ, ਸਿੱਖ ਜਦੋਂ ਵੀ ਕੀਰਤਨ ਦੇ ਮੰਡਲ ਵਿੱਚ ਬੈਠੇ ਤਾਂ ਹੰਸ ਬਿਰਤੀ ਰੱਖੇ। ਹੰਸ ਦਾ ਕੰਮ ਹੈ, ਹੀਰੇ ਮੋਤੀ ਚੁਗਣੇ। ਇਸ ਲਈ ਸਿੱਖ ਨੂੰ ਇੱਧਰ ਉੱਧਰ ਬਿਰਤੀ ਰੱਖਣ ਜਾਂ ਪ੍ਰਬੰਧਕਾਂ ਜਾਂ ਕੀਰਤਨੀਏ ਦੇ ਔਗੁਣਾਂ ਵੱਲ ਦੇਖਣ ਦੀ ਥਾਂ ਹੰਸ ਵਾਂਗ ਗੁਰਬਾਣੀ ਦਾ ਰਸ ਲੈਂਦਿਆਂ ਹੀਰੇ ਮੋਤੀ ਚੁਗਣੇ ਚਾਹੀਦੇ ਹਨ।

ਸੰਤ ਬਾਬਾ ਈਸ਼ਰ ਸਿੰਘ ਜੀ (ਨਾਨਕਸਰ ਵਾਲੇ) ਬਚਨ ਕਰਦੇ ਸਨ ਕਿ ਸੰਗਤ ਵਿੱਚ ਚਾਰ ਤਰ੍ਹਾਂ ਦੇ ਸਰੀਰ ਆਉਂਦੇ ਹਨ: ਊਂਘੇ, ਸੂੰਘੇ, ਡੂੰਘੇ ਤੇ ਚੂੰਘੇ। ਕਈ ਤਾਂ ਸੰਗਤ ਵਿੱਚ ਆਉਂਦਿਆਂ ਹੀ ਸੌਂ ਜਾਂਦੇ ਹਨ ਤੇ ਕਈਆਂ ਦਾ ਕੰਮ ਹੁੰਦਾ ਹੈ ਕਿ ਸਮਾਗਮ ਵਿੱਚ ਗਲਤੀ ਕਿਹੜੀ ਹੋ ਰਹੀ ਹੈ, ਪਰ ਜਿਹੜੇ ਡੂੰਘੇ ਦੀ ਲਾਈਨ ਵਿੱਚ ਆਉਂਦੇ ਹਨ, ਉਹ ਕੀਰਤਨ ਸਰਵਣ ਕਰਦਿਆਂ ਹਰ ਪੰਕਤੀ ਦੀ ਡੂੰਘਾਈ ਵਿੱਚ ਜਾਂਦੇ ਹਨ ਤੇ ਇੱਕ ਅਵਸਥਾ ਹੈ ਸਭ ਤੋਂ ਉੱਪਰ, ਉਹ ਹੈ ਚੂੰਘੇ। ਇਸ ਅਵਸਥਾ ਦੇ ਜਗਿਆਸੂ ਕੀਰਤਨ ਦੀ ਹਰ ਪੰਕਤੀ ਵਿੱਚੋਂ ਰਸ ਚੂੰਘਦੇ ਹਨ। ਕਬੀਰ ਜੀ ਇਹੋ ਜਿਹੇ ਜਗਿਆਸੂਆਂ ਬਾਰੇ ਕਹਿੰਦੇ ਹਨ:

***ਸੰਤਹੁ ਮਾਖਨੁ ਖਾਇਆ ਛਾਛਿ ਪੀਐ ਸੰਸਾਰੁ ॥੧੮॥***

*(ਅੰਗ ੧੩੬੫)*

ਇਸ ਲਈ ਸਿੱਖ ਨੂੰ ਡੂੰਘੇ ਜਾਂ ਚੂੰਘੇ ਦੀ ਕਤਾਰ ਵਿੱਚ ਆਉਣਾ ਚਾਹੀਦਾ ਹੈ।

***

**36. ਸਵਾਲ: ਸਤਿਕਾਰਯੋਗ ਵੀਰ ਜੀ, ਸ਼ੋਸ਼ਲ ਮੀਡੀਏ ਰਾਹੀਂ ਜਾਂ ਆਮ ਸਟੇਜਾਂ ਤੇ ਵੀ ਇੱਕ ਗੱਲ ਬਹੁਤ ਦੇਖਣ ਨੂੰ ਆ ਰਹੀ ਹੈ ਕਿ ਬਹੁਤ ਸਾਰੀ ਦੁਨੀਆਂ ਇੱਕ ਦੂਜੇ ਦੇ ਧਰਮ ਬਾਰੇ ਬਹੁਤ ਮਾੜਾ ਚੰਗਾ ਬੋਲ ਜਾਂਦੀ ਹੈ। ਇੱਕ ਗੁਰਸਿੱਖ ਨੂੰ ਅਜਿਹੇ ਸਮੇਂ ਨੂੰ ਕਿਵੇਂ ਸੰਭਾਲਣਾ ਚਾਹੀਦਾ ਹੈ?**

**ਜਵਾਬ:** ਪਹਿਲੀ ਗੱਲ ਤਾਂ ਇਹ ਹੈ ਕਿ ਸਿੱਖ ਆਪਣੇ ਗੁਰੂ ਸਾਹਿਬ ਦੇ ਦਾਇਰੇ ਵਿੱਚ ਹੀ ਰਹੇ ਤੇ ਆਪਣੇ ਗੁਰੂ ਸਾਹਿਬ ਤੋਂ ਬਿਨਾਂ ਕਿਸੇ ਹੋਰ ਤੋਂ ਪ੍ਰਭਾਵਿਤ ਨਾ ਹੋਵੇ, ਪਰ ਇਸ ਦੇ ਨਾਲ ਇੱਕ ਬਹੁਤ ਵੱਡਾ ਪਰਹੇਜ਼ ਇਹ ਰੱਖੇ ਕਿ ਕਿਸੇ ਵੀ ਧਰਮ ਦੀ ਨਿੰਦਿਆ ਨਹੀਂ ਕਰਨੀ। ਨਹੀਂ ਤਾਂ ਗੱਲ ਵਿਗੜ ਜਾਵੇਗੀ ਕਿਉਂਕਿ ਜਦ ਅਸੀਂ ਦੂਸਰੇ ਧਰਮਾਂ ਦੀ ਨਿੰਦਿਆ ਕਰਦੇ ਹਾਂ ਤਾਂ ਸਭ ਤੋਂ ਪਹਿਲਾਂ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਸਾਡੇ ਵੱਲ ਪਿੱਠ ਹੁੰਦੀ ਹੈ। ਜਿਵੇਂ ਗੁਰਬਾਣੀ ਵਿੱਚ ਫ਼ਰਮਾਨ ਹੈ:

***ਪਰ ਨਿੰਦਾ ਮੁਖ ਤੇ ਨਹੀ ਛੂਟੀ ਨਿਫਲ ਭਈ ਸਭ ਸੇਵਾ ॥੧॥***

*(ਅੰਗ ੧੨੫੩)*

ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਜਦੋਂ ਦੁਨੀਆਂ ਨੂੰ ਤਾਰਨ ਲਈ ਘਰੋਂ ਨਿਕਲੇ ਸਨ ਤਾਂ

ਆਪਣੇ ਨਾਲ ਭਾਈ ਬਾਲਾ ਜੀ ਤੇ ਭਾਈ ਮਰਦਾਨਾ ਜੀ ਨੂੰ ਰੱਖਿਆ। ਇਨ੍ਹਾਂ ਵਿੱਚੋਂ ਇੱਕ ਹਿੰਦੂ ਸੀ ਤੇ ਇੱਕ ਮੁਸਲਮਾਨ ਸਨ। ਜੇ ਮਨ ਵਿੱਚ ਕੋਈ ਭੇਦ ਹੁੰਦਾ ਤੇ ਗੁਰੂ ਸਾਹਿਬ ਅਜਿਹਾ ਨਾ ਕਰਦੇ। ਸਾਡਾ ਕੇਂਦਰੀ ਅਸਥਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਹੈ ਅਤੇ ਇਸ ਦੀ ਨੀਂਹ ਪੰਚਮ ਪਾਤਸ਼ਾਹ ਜੀ ਨੇ ਇੱਕ ਮੁਸਲਮਾਨ ਫਕੀਰ ਸਾਈਂ ਮੀਆਂ ਮੀਰ ਜੀ ਤੋਂ ਰਖਵਾਈ। ਹੋਰ ਤਾਂ ਹੋਰ, ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਭਗਤ ਕਬੀਰ ਜੀ, ਜੋ ਕਿ ਜੁਲਾਹੇ ਦੀ ਕਿਰਤ ਕਰਦੇ ਸੀ, ਉਨ੍ਹਾਂ ਦੀ ਵੀ ਬਾਣੀ ਦਰਜ ਕੀਤੀ। ਬਾਬਾ ਫਰੀਦ ਜੀ ਜੋ ਕਿ ਮੁਸਲਮਾਨ ਦਰਵੇਸ਼ ਸਨ, ਉਨ੍ਹਾਂ ਦੀ ਵੀ ਬਾਣੀ ਦਰਜ ਕੀਤੀ। ਭਗਤ ਰਵਿਦਾਸ ਜੀ, ਜੋ ਜੁੱਤੀਆਂ ਗੰਢਣ ਦਾ ਕੰਮ ਕਰਦੇ ਸਨ, ਉਨ੍ਹਾਂ ਦੀ ਵੀ ਬਾਣੀ ਦਰਜ ਕੀਤੀ। ਇਸ ਲਈ ਰਹਿਣਾ ਅਸੀਂ ਗੁਰਬਾਣੀ ਦੇ ਦਾਇਰੇ ਵਿੱਚ ਹੀ ਹੈ, ਪਰ ਸਤਿਕਾਰ ਹਰ ਧਰਮ ਦਾ ਕਰਨਾ ਹੈ। ਗੁਰੂ ਸਾਹਿਬ ਜੀ ਦੀ ਕਿਰਪਾ ਨਾਲ 300 ਸਾਲ ਸਿੱਖੀ ਸਰੂਪ ਦੇ ਨਾਲ, ਜੋ ਪ੍ਰੋਗਰਾਮ ਉਲੀਕਿਆ ਗਿਆ ਸੀ, ਉਸਦਾ ਨਾਅਰਾ ਵੀ ਇਸੇ ਕਰਕੇ ਇਹ ਹੀ ਰੱਖਿਆ ਸੀ–

***ਹਰ ਧਰਮ ਦਾ ਕਰੋ ਸਤਿਕਾਰ।***
***ਸਿੱਖ ਲਈ ਜ਼ਰੂਰੀ ਕੇਸ ਤੇ ਦਸਤਾਰ।***

---

## ਰਸਾਲਾ ਬੁੱਕ ਕਰਵਾਉਣ ਵਾਸਤੇ ਪਾਠਕਾਂ ਨੂੰ ਜ਼ਰੂਰੀ ਬੇਨਤੀ

ਸੰਗਤਾਂ ਨੂੰ ਬੇਨਤੀ ਹੈ ਕਿ ਰਸਾਲਾ ਬੁੱਕ ਕਰਵਾਉਣ ਲਈ ਜਾਂ Subscription Renew ਕਰਵਾਉਣ ਲਈ ਆਪ ਜੀ ਹੇਠ ਲਿਖੇ ਢੰਗ ਨਾਲ ਚੰਦਾ ਭੇਜ ਸਕਦੇ ਹੋ।

1) Google Pay No. ਅਤੇ Paytm No. 9876525850
ਨਾਮ :- ਧੰਨ ਧੰਨ ਮਾਤਾ ਕੌਲਾਂ ਜੀ ਸਿਫਤਿ ਸਾਲਾਹ
ਖਾਤਾ ਨੰ. 55031111026
ਬੈਂਕ :- ਸਟੇਟ ਬੈਂਕ ਆਫ ਇੰਡੀਆ
IFSC ਕੋਡ ਨੰ. SBIN0050245
ਬ੍ਰਾਂਚ :- ਚਾਟੀਵਿੰਡ ਚੌਂਕ, ਅੰਮ੍ਰਿਤਸਰ।

**ਸਿਫਤਿ ਸਾਲਾਹ**
**ਆਪ ਪੜ੍ਹੋ ਤੇ ਹੋਰਨਾਂ ਨੂੰ ਵੀ ਪੜ੍ਹਾਓ।**

Dhan Dhan Mata Kaulan Ji Sifit Salah
Harwinder Singh
Paytm UPI
9876525850@paytm

ਚੰਦਾ ਭੇਜਣ ਲਈ ਸਕੈਨ ਕਰੋ ਜੀ

**VPP ਰਾਹੀਂ ਘਰ ਬੈਠੇ ਰਸਾਲਾ ਮੰਗਵਾਓ**

2) ਆਪ ਜੀ ਇਸ ਨੰਬਰ 98765-25850 ਤੇ ਆਪਣਾ ਪੂਰਾ ਪਤਾ ਲਿਖ ਕੇ SMS ਕਰ ਦਿਓ ਅਤੇ ਕਿੰਨੇ ਸਾਲ ਲਈ ਬੁੱਕ ਕਰਵਾਉਣਾ ਹੈ ਲਿਖ ਦਿਓ। 10 ਦਿਨ ਦੇ ਅੰਦਰ-ਅੰਦਰ ਡਾਕੀਆ ਆਪ ਜੀ ਦੇ ਦਿੱਤੇ ਹੋਏ ਪਤੇ ਤੇ ਰਸਾਲਾ ਦੇਣ ਆਵੇਗਾ ਅਤੇ ਇੱਕ ਸਾਲ ਦਾ ਚੰਦਾ 184/- ਰੁਪਏ, ਦੋ ਸਾਲ ਦਾ ਚੰਦਾ 340/- ਰੁਪਏ, ਪੰਜ ਸਾਲ ਦਾ ਚੰਦਾ 650/- ਰੁਪਏ ਆਪ ਜੀ ਪਾਸੋਂ ਰਸਾਲੇ ਦੀ ਭੇਟਾ ਵਸੂਲ ਕਰ ਲਵੇਗਾ ਤੇ ਰਸਾਲਾ ਦੇ ਦੇਵੇਗਾ।

ਵਧੇਰੇ ਜਾਣਕਾਰੀ ਲਈ ਸੰਪਰਕ ਨੰ. 98765-25850

| ਚੰਦਾ (ਦੇਸ਼) | |
|---|---|
| ਇੱਕ ਸਾਲ | 150+34=184/- |
| ਦੋ ਸਾਲ | 300+40=340/- |
| ਪੰਜ ਸਾਲ | 600+50=650/- |
| ਲਾਈਫ | 2400+90=2490/- |

# ਅਧਿਆਤਮਿਕ ਵਿਚਾਰਾਂ

ਭਾਈ ਸਾਹਿਬ
ਭਾਈ ਗੁਰਇਕਬਾਲ ਸਿੰਘ ਜੀ
ਦੀਆਂ ਕੀਰਤਨ ਵਿਚਾਰਾਂ
ਵਿੱਚੋਂ ਬਚਨ

ਲੜੀ ਜੋੜਨ ਲਈ
ਪਿਛਲਾ ਅੰਕ ਦੇਖੋ ਜੀ :-

—ਸੰਪਾਦਕ

537

ਵਾਹਿਗੁਰੂ ਸਿਮਰਨ ਕਰਨ ਵੇਲੇ ਨਿਗੁਰਾ ਜਾਪ ਨਾ ਕਰਿਓ। ਕੋਸ਼ਿਸ਼ ਕਰਿਓ ਕਿ ਜਲਦੀ ਤੋਂ ਜਲਦੀ ਗੁਰੂ ਵਾਲੇ ਬਣ ਜਾਓ।

538

ਵਾਹਿਗੁਰੂ ਸਿਮਰਨ ਕਰਨ ਵੇਲੇ ਇਸ ਤਰ੍ਹਾਂ ਜਾਪ ਕਰੋ ਕਿ ਵਾਹਿਗੁਰੂ-ਵਾਹਿਗੁਰੂ ਜਪਣ ਵੇਲੇ ਰਸਨਾ ਜਾਪ ਕਰੇ ਤੇ ਕੰਨ ਸੁਣਨ।

539

ਵਾਹਿਗੁਰੂ ਸਿਮਰਨ ਇਸ ਤਰ੍ਹਾਂ ਕਰਿਓ
ਗੁਰੂ ਸਾਹਿਬ ਜੀ ਦਾ ਧਿਆਨ ਧਰ ਕੇ
ਭਾਵ ਗੁਰੂ ਸਾਹਿਬ ਸੁਰਤ ਵਿੱਚ ਬੈਠੇ ਹਨ।

# ਸਿਰੇ ਦੀ ਗਰੀਬੀ ਕਮਾਉਣ ਵਾਲੇ ਮਹਾਂਪੁਰਸ਼

ਨਾਨਕਸਰ ਕਲੇਰਾਂ ਵਾਲੇ

# ਧੰਨ ਧੰਨ ਬਾਬਾ ਕੁੰਦਨ ਸਿੰਘ ਜੀ

*—ਜਗਮੋਹਨ ਸਿੰਘ ਰਿਖੀ*

ਸੰਤ ਬਾਬਾ ਕੁੰਦਨ ਸਿੰਘ ਜੀ ਰਾਜਿਆਂ ਦੇ ਰਾਜੇ ਸਨ ਅਤੇ ਮਹਾਰਾਜਿਆਂ ਦੇ ਮਹਾਰਾਜੇ ਸਨ। ਸਾਰੀਆਂ ਚੀਜ਼ਾਂ ਹੁੰਦਿਆਂ ਹੋਇਆਂ ਵੀ ਉਨ੍ਹਾਂ ਨੇ ਆਪਣੀ ਸਾਰੀ ਉਮਰ ਸਾਧਾਰਣ ਤੌਰ ਤੇ ਬਿਤਾਈ ਅਤੇ ਇੱਕ ਛੋਟੇ ਜਿਹੇ ਕਮਰੇ ਵਿੱਚ ਹੀ ਸਾਰੀ ਉਮਰ ਗੁਜ਼ਾਰੀ। ਨਾ ਸਟੇਜ ਉੱਪਰ ਬੈਠ ਕੇ ਐਸੀ ਥਾਂ ਲਈ, ਜਿਸ ਕਾਰਨ ਸੰਗਤ ਨੂੰ ਮਗਰ ਲਾਉਣ ਦਾ ਵਸੀਲਾ ਬਣਦਾ। ਨਾ ਹੀ ਕਦੀ ਬਾਬਾ ਜੀ ਨੇ ਆਸਣ ਲਗਾਇਆ। ਨਾ ਕੋਈ ਹੋਰ ਮਨਭਾਉਂਦੀ ਵਡਿਆਈ ਨੂੰ ਅਪਨਾਇਆ। ਉਨ੍ਹਾਂ ਦਾ ਖਾਣਾ ਬੜਾ ਹੀ ਸਾਦਾ ਹੁੰਦਾ ਸੀ। ਇਤਨੀ ਔਖਿਆਈ ਕਿ ਬਿਹੰਗਮਾਂ ਨੇ ਕਈ-ਕਈ ਦਿਨ ਫਿੱਕੀਆਂ ਚਾਹਾਂ ਪੀਤੀਆਂ।

ਬਾਬਾ ਜੀ ਆਪਣੀ ਵਡਿਆਈ ਕਰਾਉਣੀ ਪਸੰਦ ਹੀ ਨਹੀਂ ਸਨ ਕਰਦੇ। ਕਈ ਵਾਰ ਉਹ ਸਮਾਗਮਾਂ ਵਿੱਚ ਇਕੱਲੇ ਜਾਂਦੇ ਸੀ, ਪਰ ਉਹ ਨਹੀਂ ਚਾਹੁੰਦੇ ਸੀ ਕਿ ਸਾਡੀ ਉੱਥੇ ਵਡਿਆਈ ਹੋਵੇ। ਇੱਕ ਵਾਰੀ ਬਾਬਾ ਬਲਵਿੰਦਰ ਸਿੰਘ ਜੀ ਕੁਰਾਲੀ ਵਾਲਿਆਂ ਨੇ ਸਮਾਗਮ ਰੱਖਿਆ ਅਤੇ 17 ਤਾਰੀਕ ਨੂੰ ਉਸ ਗੁਰਮਤਿ ਸਮਾਗਮ ਦਾ ਭੋਗ ਪੈਣਾ ਸੀ। ਉਨ੍ਹਾਂ ਨੇ ਬਾਬਾ ਕੁੰਦਨ ਸਿੰਘ ਜੀ ਨੂੰ ਬੇਨਤੀ ਕੀਤੀ ਕਿ ਮਹਾਂਪੁਰਸ਼ੋ! ਤੁਸੀਂ ਇਸ ਗੁਰਮਤਿ ਸਮਾਗਮ ਵਿੱਚ ਕਿਰਪਾ ਕਰਕੇ ਜ਼ਰੂਰ ਦਰਸ਼ਨ ਦੇਣਾ ਜੀ। ਬਾਬਾ ਜੀ ਨੇ ਆਖਿਆ ਅਸੀਂ ਜ਼ਰੂਰ ਆਵਾਂਗੇ। ਬਾਬਾ ਜੀ ਕਥਨੀ ਨਹੀਂ, ਕਰਨੀ ਦੇ ਧਾਰਨੀ ਅਤੇ ਚੋਟੀ ਦੀ ਗਰੀਬੀ ਕਮਾਉਣ ਵਾਲੇ ਪੂਰਨ ਮਹਾਂਪੁਰਸ਼ ਸਨ। ਹੁਣ ਬਾਬਾ ਬਲਵਿੰਦਰ ਸਿੰਘ ਜੀ ਕੁਰਾਲੀ ਵਾਲਿਆਂ ਨੇ ਹੋਰ ਜ਼ਿਆਦਾ ਉਤਸ਼ਾਹ ਨਾਲ ਪ੍ਰੋਗਰਾਮ ਰੱਖੇ ਅਤੇ ਸੋਚਿਆ ਜਿਸ ਰਸਤੇ 'ਚੋਂ ਬਾਬਾ ਜੀ ਨੇ ਲੰਘਣਾ ਹੈ ਉਸ ਨੂੰ ਖ਼ੂਬ ਫੁੱਲਾਂ ਦੇ ਹਾਰਾਂ ਨਾਲ ਸਜਾ ਦਿਉ। ਅਸੀਂ ਸਾਰੇ ਇਕੱਠੇ ਹੋ ਕੇ ਬੈਂਡ ਦੇ ਨਾਲ ਸਵਾਗਤ ਕਰਦੇ ਹੋਏ ਬਾਬਾ ਜੀ ਨੂੰ ਗੁਰਦੁਆਰਾ ਸਾਹਿਬ ਤੱਕ ਲੈ ਕੇ ਜਾਵਾਂਗੇ। ਬਾਬਾ ਜੀ ਨੇ ਕੁਝ ਦਿਨ ਪਹਿਲਾਂ ਕੁਰਾਲੀ ਸੁਨੇਹਾ ਭੇਜ ਦਿੱਤਾ ਕਿ ਅਸੀਂ 17 ਤਾਰੀਕ ਦੀ ਬਜਾਏ 16 ਤਾਰੀਕ ਨੂੰ ਆਵਾਂਗੇ। ਹੁਣ ਬਾਬਾ ਬਲਵਿੰਦਰ ਸਿੰਘ ਜੀ ਕੁਰਾਲੀ ਵਾਲਿਆਂ ਨੇ ਸਾਰੇ ਇੰਤਜ਼ਾਮ 17 ਤਾਰੀਕ ਦੀ ਬਜਾਇ 16 ਤਾਰੀਕ ਨੂੰ ਰੱਖ ਲਏ। ਕੰਮ ਤੇ ਕਠਿਨ ਸੀ, ਪਰ ਉਨ੍ਹਾਂ ਨੇ ਬੜੇ ਤਰੀਕੇ ਅਤੇ ਮਿਹਨਤ ਦੇ ਨਾਲ ਪੂਰਾ ਕਰ ਲਿਆ।

ਬਾਬਾ ਕੁੰਦਨ ਸਿੰਘ ਜੀ ਨੇ ਫਿਰ ਇੱਕ ਦਿਨ ਪਹਿਲਾਂ ਕੁਰਾਲੀ ਟੈਲੀਫੋਨ ਕਰ ਦਿੱਤਾ ਕਿ ਅਸੀਂ ਹੁਣ 16 ਤਾਰੀਕ ਨੂੰ ਨਹੀਂ, 15 ਤਾਰੀਕ ਨੂੰ ਆਵਾਂਗੇ। ਹੁਣ ਇਹ ਗੱਲ ਬਾਬਾ ਬਲਵਿੰਦਰ ਸਿੰਘ ਜੀ ਵਾਸਤੇ ਬੜੀ ਔਖੀ ਹੋ ਗਈ ਕਿ ਇੱਕ ਦਿਨ ਦੇ ਵਿੱਚ ਇਹ ਸਾਰਾ ਇੰਤਜ਼ਾਮ ਕਿਸ ਤਰ੍ਹਾਂ ਕੀਤਾ ਜਾਵੇਗਾ। ਉਨ੍ਹਾਂ ਨੇ ਸਭ ਨੂੰ ਸੂਚਨਾ 16 ਤਾਰੀਕ ਦੀ ਦਿੱਤੀ ਹੋਈ ਸੀ। ਹੁਣ ਕੋਈ ਜ਼ਿਆਦਾ ਸਮਾਂ ਵੀ

ਨਹੀਂ ਸੀ ਰਹਿ ਗਿਆ। ਪਰ ਉਨ੍ਹਾਂ ਨੇ ਰਾਤੋ ਰਾਤ ਹੀ ਫਿਰ ਸਾਰਾ ਪ੍ਰਬੰਧ ਕਰ ਲਿਆ। ਸੰਗਤ ਦੇ ਨਾਲ ਸਮੇਂ ਸਿਰ ਸੜਕ ਦੇ ਉੱਪਰ ਪਹੁੰਚ ਗਏ। ਸਭ ਦੇ ਹੱਥਾਂ ਵਿੱਚ ਫੁੱਲ ਅਤੇ ਫੁੱਲਾਂ ਦੇ ਹਾਰ ਪਕੜੇ ਹੋਏ ਸਨ। ਬੈਂਡ ਵਾਲੇ ਆਪਣੀ ਸਲਾਮੀ ਦੀ ਪੂਰੀ ਤਿਆਰੀ ਵਿੱਚ ਸਨ। ਸੜਕ ਉੱਪਰ ਬੜਾ ਸੋਹਣਾ ਪਾਣੀ ਦਾ ਛਿੜਕਾਉ ਕੀਤਾ ਹੋਇਆ ਸੀ। ਹੋਰ ਵੀ ਕਈ ਤਰ੍ਹਾਂ ਦੇ ਇੰਤਜ਼ਾਮ ਕੀਤੇ ਗਏ ਸੀ। ਬਾਬਾ ਜੀ ਬੜੇ ਅੰਤਰਜਾਮੀ ਸਨ। ਬਾਬਾ ਜੀ ਕੁਰਾਲੀ ਪਹੁੰਚਣ ਤੋਂ ਥੋੜ੍ਹੀ ਦੇਰ ਪਹਿਲੋਂ ਕਹਿਣ ਲੱਗੇ ਪਏ ਕਿ ਇਹ ਜਾਣ ਵਾਲਾ ਰਸਤਾ ਬਦਲ ਦਿਉ।

***ਹੋਨ ਨਜਦੀਕ ਖੁਦਾਇ ਦੇ ਭੇਤ ਨਾ ਕਿਸੈ ਦੇਣ।***

ਹੁਣ ਬਾਬਾ ਜੀ ਦੇ ਸੇਵਕ ਬਾਬਾ ਜੀ ਨੂੰ ਕੁਰਾਲੀ ਦੇ ਅਗਲੇ ਰਸਤੇ ਲੈ ਜਾਣ ਦੀ ਥਾਂ ਪਿਛਲੇ ਰਸਤੇ ਵਿੱਚੋਂ ਲੈ ਕੇ ਗੁਰਮਤਿ ਸਮਾਗਮ ਵਾਲੀ ਜਗ੍ਹਾ ਗੁਰਦੁਆਰਾ ਸਾਹਿਬ ਪਹੁੰਚ ਗਏ। ਸਾਰੀ ਸੰਗਤ ਅਗਲੇ ਰਸਤੇ ਉੱਤੇ ਹਾਰ ਅਤੇ ਫੁੱਲ ਲੈ ਕੇ ਬੈਂਡ ਸਮੇਤ ਖੜ੍ਹੀ ਸੀ। ਪਰ ਬਾਬਾ ਜੀ ਨੇ ਉਸ ਰਸਤੇ ਤੋਂ ਲੰਘਣਾ ਪਸੰਦ ਨਹੀਂ ਕੀਤਾ ਕਿਉਂਕਿ ਬਾਬਾ ਜੀ ਆਪਣੀ ਆਓ ਭਗਤ ਨਹੀਂ ਚਾਹੁੰਦੇ ਸੀ। ਸੰਗਤ ਕਹਿ ਰਹੀ ਸੀ ਕਿ ਆਉਣ ਦਾ ਸਮਾਂ ਤੇ ਹੋ ਗਿਆ ਹੈ ਪਰ ਬਾਬਾ ਜੀ ਦੇ ਦਰਸ਼ਨ ਕਿਧਰੇ ਵੀ ਨਹੀਂ ਹੋ ਰਹੇ। ਇੰਨੇ ਨੂੰ ਇੱਕ ਪ੍ਰੇਮੀ ਆਇਆ ਉਸ ਨੇ ਆ ਕੇ ਦੱਸਿਆ ਕਿ ਬਾਬਾ ਜੀ ਗੁਰਦੁਆਰਾ ਸਾਹਿਬ ਦੀਵਾਨ ਵਿੱਚ ਬੈਠੇ ਹੋਏ ਹਨ। ਫਿਰ ਸਾਰੀ ਸੰਗਤ ਛੇਤੀ ਨਾਲ ਬਾਬਾ ਜੀ ਦੇ ਦਰਸ਼ਨ ਕਰਨ ਵਾਸਤੇ ਗੁਰਦੁਆਰਾ ਸਾਹਿਬ ਪਹੁੰਚੀ ਤਾਂ ਧੰਨ ਬਾਬਾ ਕੁੰਦਨ ਸਿੰਘ ਜੀ, ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਚਵਰ ਸਾਹਿਬ ਦੀ ਸੇਵਾ ਕਰ ਰਹੇ ਸਨ।

ਇਹ ਸੀ ਧੰਨ ਧੰਨ ਬਾਬਾ ਕੁੰਦਨ ਸਿੰਘ ਜੀ ਦੀ ਨਿਮਰਤਾ, ਵਡਿਆਈ, ਮਾਣ ਹੁੰਦਿਆਂ ਹੋਇਆਂ ਵੀ ਨਿਮਾਣਾਪਨ, ਕਿ ਆਪਣੀ ਸੋਭਾ, ਵਾਹ ਵਾਹ ਤਾਂ ਸੁਣ ਕੇ ਰਾਜ਼ੀ ਹੀ ਨਹੀਂ ਸਨ। ਇੱਥੋਂ ਤੱਕ ਕਿ ਅੱਖੀਂ ਵੇਖਿਆਂ ਦੇ ਕਈ ਕੌਤਕ ਨੇ ਕਿ ਜੇ ਅੰਮ੍ਰਿਤਸਰ ਕਿਤਨੇ ਹੀ ਸਾਲਾਂ ਬਾਅਦ ਜਦੋਂ ਬਾਬਾ ਜੀ ਆਏ ਪਹਿਲੀ ਵਾਰ ਤਾਂ ਸੰਗਤਾਂ ਨੇ (ਰਣਜੀਤ ਐਵੀਨਿਊ ਸਕੂਲ ਵਿਖੇ) ਧਾਰਨਾ ਲਾ ਦਿੱਤੀ ਆਓ ਬਾਬਾ ਜੀ, ਜੀ ਆਇਆਂ ਨੂੰ, ਬਾਬਾ ਕੁੰਦਨ ਸਿੰਘ ਜੀ ਤੁਹਾਡੀ ਜੈ ਹੋਵੇ। ਬਾਬਾ ਜੀ ਨੇ ਮਨ੍ਹਾ ਵੀ ਕੀਤਾ ਪਰ ਸੰਗਤ ਪਿਆਰ ਵਿੱਚ ਨਾ ਮੰਨੀ ਤਾਂ ਇਹ ਕੌਤਕ ਅੱਖੀਂ ਵੇਖਿਆ ਕਿ ਬਾਬਾ ਜੀ ਗੇਟ ਦੇ ਬਾਹਰੋਂ ਹੀ ਕਾਰ ਵਾਪਸ ਨਾਨਕਸਰ ਲੈ ਗਏ। ਅੰਦਰ ਦੀਵਾਨ ਵਿੱਚ ਗਏ ਹੀ ਨਹੀਂ। ਭਾਵ ਸੋਭਾ ਨੂੰ ਇਤਨਾ ਮਾਰਿਆ ਹੋਇਆ ਸੀ, ਇਤਨੀ ਸਿਰੇ ਦੀ ਗਰੀਬੀ ਕਮਾਈ ਹੋਈ ਸੀ। ਇਸੇ ਤਰ੍ਹਾਂ ਦੇ ਪੂਰਨੇ ਬਾਬਾ ਨੰਦ ਸਿੰਘ ਜੀ ਨੇ ਵੀ ਪਾਏ ਹਨ।

ਇੱਕ ਵਾਰੀ ਧੰਨ ਧੰਨ ਬਾਬਾ ਨੰਦ ਸਿੰਘ ਜੀ ਦਿੱਲੀ ਆਏ। ਫਿਰ ਉਨ੍ਹਾਂ ਨੇ ਦਿੱਲੀ ਤੋਂ ਬਠਿੰਡੇ ਜਾਣਾ ਸੀ। ਸਭ ਤਿਆਰੀ ਹੋ ਗਈ। ਰੇਲ ਗੱਡੀ ਵਿੱਚ ਦਿੱਲੀ ਤੋਂ ਬਠਿੰਡੇ ਤੱਕ ਰੇਲ ਦਾ ਡੱਬਾ ਰੀਜ਼ਰਵ ਹੋ ਗਿਆ ਸੀ। ਦਿੱਲੀ ਦੀ ਸੰਗਤ ਨੇ ਉਸ ਕਾਰ ਨੂੰ, ਜਿਸ ਵਿੱਚ ਬਾਬਾ ਜੀ ਨੇ ਠਾਠ ਤੋਂ ਰੇਲਵੇ ਸਟੇਸ਼ਨ ਤੱਕ ਜਾਣਾ ਸੀ ਅਤੇ ਉਸ ਰੇਲ ਗੱਡੀ ਦੇ ਡੱਬੇ ਨੂੰ ਫੁੱਲਾਂ ਦੇ ਹਾਰਾਂ ਨਾਲ ਅਤੇ ਰੰਗ ਬਰੰਗੀਆਂ ਝੰਡੀਆਂ ਨਾਲ ਸਜਾ ਕੇ, ਸੈਂਟ ਛਿੜਕਾ ਕੇ, ਬਹੁਤ ਸੁੰਦਰ ਬਣਾ ਦਿੱਤਾ ਸੀ।

ਸੰਗਤ ਵਿੱਚੋਂ ਇੱਕ ਪ੍ਰੇਮੀ ਨੇ ਆ ਕੇ ਬੇਨਤੀ ਕੀਤੀ ਬਾਬਾ ਜੀ ਰੇਲਵੇ ਸਟੇਸ਼ਨ ਵਾਸਤੇ ਕਾਰ ਤਿਆਰ ਹੈ। ਬਾਬਾ ਜੀ ਨੇ ਉਹ ਕਾਰ ਦੂਰੋਂ ਹੀ ਤੱਕੀ, ਤੱਕ ਕੇ ਉਸ ਪ੍ਰੇਮੀ ਨੂੰ ਕਿਹਾ ਕਿ ਕਾਰ ਤੇ ਬੜੀ ਸੁੰਦਰ ਸਜਾਈ ਗਈ ਹੈ। ਉਹ ਪ੍ਰੇਮੀ ਹਉਮੈ ਵਿੱਚ

*—ਬਾਕੀ ਹਿੱਸਾ ਪੰਨਾ 31 'ਤੇ ਪੜ੍ਹੋ ਜੀ*

ਸਿੱਖ ਪੰਥ ਦੇ ਸਤਿਕਾਰਤ ਗੁਰਮੁਖ ਪਿਆਰੇ (VCD 535)

# ਦਸਵੇਂ ਪਾਤਸ਼ਾਹ ਜੀ ਦੇ ਚਰਨਾਂ ਨਾਲ ਲਗਨ ਧੰਨ ਧੰਨ ਭਾਈ ਨੰਦ ਲਾਲ ਜੀ ਨੂੰ ਕਿਸ ਨੇ ਲਗਾਈ?

*—ਸੰਪਾਦਕ*

**ਆਪ ਸਭ ਸੰਗਤਾਂ ਦੀ ਅਸੀਸ ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀ ਪ੍ਰੇਰਨਾ ਨਾਲ ਸਿਫਤਿ ਸਾਲਾਹ ਰਸਾਲੇ ਵਿੱਚ ਲੜੀਵਾਰ ਪ੍ਰਕਰਨਾਂ ਦੀ ਸੇਵਾ ਸਤਿਗੁਰੂ ਜੀ ਤਰਸ ਕਰਕੇ ਲੈ ਰਹੇ ਹਨ। 154 ਅੰਕ ਤੋਂ—''ਸਿੱਖ ਪੰਥ ਦੇ ਸਤਿਕਾਰਤ ਗੁਰਮੁਖ ਪਿਆਰੇ'' ਪ੍ਰਕਰਨ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਸ਼ੁਰੂ ਕੀਤਾ ਗਿਆ ਹੈ। ਇਸ ਅੰਕ ਵਿੱਚ ਸਿੱਖ ਪੰਥ ਦੇ ਸਤਿਕਾਰਤ ਗੁਰਮੁਖ ਪਿਆਰਿਆਂ ਵਿੱਚੋਂ- ਧੰਨ ਧੰਨ ਭਾਈ ਨੰਦ ਲਾਲ ਜੀ ਦੇ ਜੀਵਨ ਤੇ ਵਿਚਾਰ ਸਤਿਗੁਰੂ ਜੀ ਆਪਣੀ ਰਹਿਮਤ ਕਰਕੇ ਆਪ ਹੀ ਸਿਰ 'ਤੇ ਹੱਥ ਰੱਖ ਕੇ ਕਰਵਾਉਣ।**

ਬਾਬਾ ਨੰਦ ਸਿੰਘ ਜੀ ਗੁਰੂ ਕਲਗੀਧਰ ਪਿਤਾ ਜੀ ਦੀਆਂ ਵਡਿਆਈਆਂ ਵਿੱਚ ਬਹੁਤ ਸੁੰਦਰ ਬਚਨ ਕਰਦੇ ਸਨ। ਕਹਿੰਦੇ ਸਨ, ਧਰਤੀ ਤੇ ਸਾਰੇ ਲਿਖਾਰੀ ਇਕੱਠੇ ਕਰ ਲਓ, ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਉਨ੍ਹਾਂ ਵਿੱਚੋਂ ਸਭ ਤੋਂ ਵੱਡੇ ਲਿਖਾਰੀ ਹਨ। ਧਰਤੀ ਤੇ ਸਾਰੇ ਕਵੀ ਇਕੱਠੇ ਕਰ ਲਓ, ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਉਨ੍ਹਾਂ ਵਿੱਚੋਂ ਸਭ ਤੋਂ ਵੱਡੇ ਕਵੀ ਹਨ। ਧਰਤੀ ਤੇ ਸਾਰੇ ਤਪੱਸਵੀ ਇਕੱਠੇ ਕਰ ਲਓ, ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਉਨ੍ਹਾਂ ਵਿੱਚੋਂ ਸਭ ਤੋਂ ਵੱਡੇ ਤਪੱਸਵੀ ਹਨ। ਧਰਤੀ ਤੇ ਸਾਰੇ ਯੋਧੇ ਇਕੱਠੇ ਕਰ ਲਓ, ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਉਨ੍ਹਾਂ ਵਿੱਚੋਂ ਸਭ ਤੋਂ ਵੱਡੇ ਯੋਧੇ ਹਨ। ਧਰਤੀ ਤੇ ਸਾਰੇ ਤਿਆਗੀ ਇਕੱਠੇ ਕਰ ਲਓ, ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਉਨ੍ਹਾਂ ਵਿੱਚੋਂ ਸਭ ਤੋਂ ਵੱਡੇ ਤਿਆਗੀ ਹਨ। ਧਰਤੀ ਤੇ ਦਾਨੀ ਇਕੱਠੇ ਕਰ ਲਓ, ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਉਨ੍ਹਾਂ ਵਿੱਚੋਂ ਸਭ ਤੋਂ ਵੱਡੇ ਦਾਨੀ ਹਨ।

***ਕਹੂੰ ਸਸਤ੍ਰਧਾਰੀ ਕਹੂੰ ਬਿਦਿਆ ਕੇ ਬਿਚਾਰੀ***
***ਕਹੂੰ ਮਾਰਤ ਅਹਾਰੀ ਕਹੂੰ ਨਾਰ ਕੇ ਨਿਕੇਤ ਹੋ॥***
***ਕਹੂੰ ਦੇਵਬਾਨੀ ਕਹੂੰ ਸਾਰਦਾ ਭਵਾਨੀ***
***ਕਹੂੰ ਮੰਗਲਾ ਮ੍ਰਿੜਾਨੀ ਕਹੂੰ ਸਿਆਮ ਕਹੂੰ ਸੇਤ ਹੋ॥***
***ਕਹੂੰ ਧਰਮ ਧਾਮੀ ਕਹੂੰ ਸਰਬ ਠਉਰ ਗਾਮੀ***
***ਕਹੂੰ ਜਤੀ ਕਹੂੰ ਕਾਮੀ ਕਹੂੰ ਦੇਤ ਕਹੂੰ ਲੇਤ ਹੋ॥***
***ਕਹੂੰ ਬੇਦ ਰੀਤ ਕਹੂੰ ਤਾ ਸਿਉ ਬਿਪ੍ਰੀਤ***
***ਕਹੂੰ ਤ੍ਰਿਗੁਨ ਅਤੀਤ ਕਹੂੰ ਸੁਰਗੁਨ ਸਮੇਤ ਹੋ॥੪॥੧੪॥***

*(ਸ੍ਰੀ ਦਸਮ ਗ੍ਰੰਥ, ਅਕਾਲ ਉਸਤਤ)*

***ਐਸੋ ਧਣੀ ਗੁਵਿੰਦੁ ਹਮਾਰਾ ॥***
***ਬਰਨਿ ਨ ਸਾਕਉ ਗੁਣ ਬਿਸਥਾਰਾ ॥੧॥ ਰਹਾਉ ॥***
***(ਅੰਗ ੧੧੫੬)***

ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਫਾਰਸੀ ਵੀ ਜਾਣਦੇ ਸਨ, ਅਰਬੀ ਵੀ ਜਾਣਦੇ ਹਨ, ਸੰਸਕ੍ਰਿਤ ਵੀ ਜਾਣਦੇ ਸਨ, ਪੰਜਾਬੀ ਵੀ ਜਾਣਦੇ ਸਨ, ਹਿੰਦੀ ਵੀ ਜਾਣਦੇ ਸਨ ਬੇਅੰਤ ਭਾਸ਼ਾਵਾਂ ਦੇ ਗਿਆਤਾ ਗੁਰੂ ਕਲਗੀਧਰ ਪਿਤਾ ਜੀ। ਮਾਣ ਕਰੀਏ ਇਹੋ ਜਿਹਾ ਪਿਤਾ ਮਿਲਿਆ ਹੈ ਜਿਨ੍ਹਾਂ ਵਰਗਾ ਦੁਨੀਆਂ ਤੇ ਕੋਈ ਨਹੀਂ। ਔਰ ਇੱਥੋਂ ਤੱਕ ਇਤਿਹਾਸ ਵਿੱਚ ਲਿਖਿਆ ਹੈ ਕਿ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਆਪ ਕੀਰਤਨ ਵੀ ਕਰਦੇ ਸਨ। ਕਰੋ ਦੀਦਾਰੇ :

***ਐਸੋ ਧਣੀ ਗੁਵਿੰਦੁ ਹਮਾਰਾ ॥***
***ਬਰਨਿ ਨ ਸਾਕਉ ਗੁਣ ਬਿਸਥਾਰਾ ॥੧॥ ਰਹਾਉ ॥***
***(ਅੰਗ ੧੧੫੬)***

ਕੈਸੇ ਪਿਤਾ ਜੀ ਹਨ? ਬਿਭੌਰ ਸਾਹਿਬ, ਨੰਗਲ ਵਿਖੇ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ 13 ਮਹੀਨੇ ਦੇ ਕਰੀਬ ਚੁੱਪ ਰਹੇ। ਇਹ ਵੀ ਗੁਣ ਹੈ। ਦਾਨੀ ਵੀ ਹਨ, ਤਿਆਗੀ ਵੀ ਹਨ, ਯੋਧੇ ਵੀ ਹਨ, ਲਿਖਾਰੀ ਵੀ ਹਨ, ਕਵੀ ਵੀ ਹਨ, ਕੀਰਤਨੀਏ ਵੀ ਹਨ ਔਰ ਇੰਨਾ ਮਾਣ ਆਉਂਦਾ ਹੈ, ਸੇਵਕਾਂ ਦੀ, ਸਿੱਖਾਂ ਦੀ ਬਾਂਹ ਵੀ ਫੜ੍ਹਦੇ ਹਨ। ਆਪਣੇ ਸਿੱਖਾਂ ਦੀ ਇੰਨੀ ਸੰਭਾਲ ਕਰਦੇ ਹਨ ਕਿ ਉਨ੍ਹਾਂ ਦੀ ਈਮਾਨ ਕਾਇਮ ਰਵ੍ਹੇ, ਉਨ੍ਹਾਂ ਪਿੱਛੇ ਵੇਸਵਾ ਦੇ ਬੂਹੇ ਤੇ ਪਹਿਰਾ ਵੀ ਦਿੰਦੇ ਹਨ। ਆਪਣੇ ਸਿੱਖਾਂ ਦੇ ਗੁਰੂ ਵੀ ਹਨ, ਕਿੰਨਾ ਦਰਦ ਤੁਹਾਡੇ ਮੇਰੇ ਲਈ ਹੈ ਕਿ ਭੇਸ ਬਦਲਾ ਕੇ ਚੈੱਕ ਵੀ ਕਰਦੇ ਹਨ ਔਰ ਕੈਸੀ ਸੰਭਾਲ ਕਰਦੇ ਹਨ ਕਿ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਭੇਸ ਬਦਲਾ ਕੇ ਨਿਰਾ ਹੰਕਾਰ ਨਹੀਂ ਚੈੱਕ ਕਰਦੇ, ਭੇਸ ਬਦਲਾ ਕੇ ਇਹ ਵੀ ਚੈੱਕ ਕਰਦੇ ਹਨ, ਅੰਮ੍ਰਿਤ ਵੇਲੇ ਮੇਰਾ ਕਿਹੜਾ ਕਿਹੜਾ ਸਿੱਖ ਸੁੱਤਾ ਪਿਆ ਹੈ।

ਇੱਕ ਵਾਰ ਸਤਿਗੁਰੂ ਜੀ ਮੌਜ ਵਿੱਚ ਆ ਗਏ। ਅੰਮ੍ਰਿਤ ਵੇਲੇ ਇੱਕ ਤੰਬੂ ਵਿੱਚ ਗਏ। ਉਹ ਸਾਰੇ ਸੁੱਤੇ ਪਏ ਸਨ। ਸਤਿਗੁਰੂ ਜੀ ਕਹਿੰਦੇ, ਸਾਰੇ ਹੀ ਸੁੱਤੇ ਪਏ ਹਨ। ਦੂਜੇ ਤੰਬੂ ਵਿੱਚ ਗਏ ਤੇ ਉਸ ਤੰਬੂ ਵਿੱਚ ਜਾਗਦੇ ਪਏ ਸਨ ਪਰ ਦੁਨਿਆਵੀ ਗੱਲਾਂ ਕਰ ਰਹੇ ਸਨ। ਸਤਿਗੁਰੂ ਜੀ ਦਾ ਉੱਥੇ ਮਨ ਬਹੁਤ ਨਿਰਾਸ਼ ਹੋਇਆ, ਇੱਕ ਮੇਰੇ ਕੋਲ ਰਹਿ ਕੇ ਸੁੱਤੇ ਪਏ ਹਨ। ਦੂਜੇ ਮੇਰੇ ਕੋਲ ਰਹਿ ਕੇ ਉੱਠਣ ਤੋਂ ਬਾਅਦ ਦੁਨਿਆਵੀ ਗੱਲਾਂ ਕਰ ਰਹੇ ਹਨ। ਜੁੜਨ ਵਾਲੇ ਦਾ ਮੁੱਲ ਹੈ। ਜਿਸ ਜਿਸ ਤੰਬੂ ਵਿੱਚ ਜਿਹੜਾ ਜਿਹੜਾ ਸਿੱਖ ਫਿਰ ਉੱਠਿਆ ਹੋਇਆ ਸੀ, ਗੁਟਕਾ ਸਾਹਿਬ ਲੈ ਕੇ ਆਪਣਾ ਨਿਤਨੇਮ ਕਰ ਰਿਹਾ ਸੀ, ਚੌਕੜਾ ਮਾਰ ਕੇ ਸਿਮਰਨ ਕਰ ਰਿਹਾ ਸੀ, ਸਵੇਰੇ ਸਤਿਗੁਰੂ ਜੀ ਨੇ ਮੁੱਖ ਵਿੱਚੋਂ ਬਚਨ ਕੀਤਾ, ਇਹ ਮੇਰੇ ਨਿਰਮਲ ਸਿੱਖ ਹਨ। ਕੈਸੇ ਪਿਆਰ ਵਾਲੀ, ਮਾਣ ਵਾਲੀ ਗੱਲ ਹੈ। ਹੋਰ ਇਸ ਤੋਂ ਵੱਧ ਕੀ ਸਾਨੂੰ ਸੜਕ ਚਾਹੀਦੀ ਹੈ। ਇਸ ਤੋਂ ਬਾਅਦ ਹੋਰ ਕੀ ਪੂਰਨੇ ਦੇਣੇ ਹਨ। ਇਹ ਦਾਸ ਨੇ ਆਪ ਭੁੱਚੋ ਸਾਹਿਬ ਦੀ ਕਿਤਾਬ ਵਿੱਚ ਪੜ੍ਹਿਆ ਹੈ ਕਿ ਭੇਸ ਬਦਲਾ ਕੇ ਇਹ ਵੀ ਸਤਿਗੁਰੂ ਜੀ ਚੈੱਕ ਕਰਦੇ ਸਨ। ਜੁੜ ਜਾਓ ਪਿਆਰ ਨਾਲ :

***ਐਸੋ ਧਣੀ ਗੁਵਿੰਦੁ ਹਮਾਰਾ ॥***
***ਬਰਨਿ ਨ ਸਾਕਉ ਗੁਣ ਬਿਸਥਾਰਾ ॥੧॥ ਰਹਾਉ ॥***
***(ਅੰਗ ੧੧੫੬)***

ਕੋਈ ਗੱਲ ਮਨ ਨੂੰ ਵਜ ਜਾਵੇ। ਇਹੋ ਜਿਹਾ ਮਨ ਮੰਨੇ, ਸੰਗਤ ਵਿੱਚ ਬੈਠਿਆਂ ਜਿਹੜਾ ਮੰਨਿਆ ਹੈ, ਮਰਨ ਤੱਕ ਮੰਨਿਆ ਹੀ ਰਵ੍ਹੇ। ਬਾਹਰ ਜਾ ਕੇ ਵੀ ਮੰਨਿਆ ਹੀ ਰਵ੍ਹੇ। ਤੇਰੇ ਤੋਂ ਪਰ੍ਹੇ ਕੋਈ ਨਹੀਂ। ਸਰਬ ਗੁਣ ਸੰਪੂਰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਮਹਾਰਾਜ ਦੀ ਮੈਂ ਧੀ ਬਣੀ ਰਵ੍ਹਾਂ। ਸਰਬ ਕਲਾ ਸੰਪੂਰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਮੈਂ ਪੁੱਤਰ ਬਣਿਆ ਰਵ੍ਹਾਂ।

ਹੁਣ ਜਿਸ ਪ੍ਰਕਰਨ ਦੀ ਗੁਰੂ ਸਾਹਿਬ ਜੀ ਸੇਵਾ ਲੈ ਰਹੇ ਹਨ, ਸਿੱਖ ਪੰਥ ਦੇ ਸਤਿਕਾਰਤ ਗੁਰਮੁਖ ਪਿਆਰੇ, ਆਓ, ਪਹਿਲਾਂ ਜਿਹੜੇ ਸ਼ਬਦ ਨੂੰ ਆਧਾਰ ਬਣਾਇਆ ਹੈ, ਉਸ ਦੀ ਹਾਜ਼ਰੀ ਲਗਾਈਏ, ਸਾਰੇ ਕਿਰਪਾ ਕਰੋ ਜੀ:

***ਗੁਰਮੁਖਿ ਪਰਉਪਕਾਰੀ ਵਿਰਲਾ ਆਇਆ।***
***ਗੁਰਮੁਖਿ ਸੁਖ ਫਲੁ ਪਾਇ ਆਪੁ ਗਵਾਇਆ।***
***ਗੁਰਮੁਖਿ ਸਾਖੀ ਸਬਦਿ ਸਿਖਿ ਸੁਣਾਇਆ।***
***ਗੁਰਮੁਖਿ ਸਬਦ ਵੀਚਾਰਿ ਸਚੁ ਕਮਾਇਆ।***
***ਸਚੁ ਰਿਦੈ ਮੁਹਿ ਸਚੁ ਸਚਿ ਸੁਹਾਇਆ।***
***ਗੁਰਮੁਖਿ ਜਨਮੁ ਸਵਾਰਿ ਜਗਤੁ ਤਰਾਇਆ ॥੧੨॥***

***(ਵਾਰ ੧੯, ਪਉੜੀ ੧੨)***

ਸਾਰੀ ਸੰਗਤ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਿਆਰ ਵਿੱਚ ਗਜ ਕੇ ਆਖੋ ਸਤਿਨਾਮੁ ਸ੍ਰੀ ਵਾਹਿਗੁਰੂ ਜੀ।

## ਸਿੱਖ ਪੰਥ ਦੇ ਸਤਿਕਾਰਤ ਗੁਰਮੁਖ ਪਿਆਰੇ :

ਜਿਨ੍ਹਾਂ ਦਾ ਮੁੱਖ ਗੁਰੂ ਸਾਹਿਬ ਵੱਲ ਹੋ ਗਿਆ, ਉਹ ਇੱਕ ਭਿੱਜੀ ਆਤਮਾ।

### *ਧੰਨ ਧੰਨ ਭਾਈ ਨੰਦ ਲਾਲ ਜੀ*

ਕੁਝ ਮਹਾਂਪੁਰਸ਼ਾਂ ਨੇ ਆਪਣੀਆਂ ਕਿਤਾਬਾਂ ਵਿੱਚ ਭਾਈ ਨੰਦ ਲਾਲ ਜੀ ਬਾਰੇ ਇਹ ਲਫਜ਼ ਵੀ ਲਿਖੇ ਹਨ, ਉਹ ਲਫਜ਼ ਸੁਣਨਾ, ਅੰਦਰ ਵਜਦੇ ਹਨ। ਭਾਈ ਨੰਦ ਲਾਲ ਜੀ ਕੌਣ ਹਨ? ਹਰ ਪਲ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤੋਂ ਬਲਿਹਾਰ ਜਾਣ ਵਾਲੀ ਪਵਿੱਤਰ ਆਤਮਾ ਹਨ। ਦੂਜਾ ਉਨ੍ਹਾਂ ਨੇ ਲਿਖਿਆ ਹੈ, ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਚਰਨਾਂ ਵਿੱਚੋਂ ਭਰਪੂਰ ਬਖਸ਼ਿਸ਼ਾਂ ਲਈਆਂ ਹਨ:

***ਸਭਨਾ ਉਪਰਿ ਨਦਰਿ ਪ੍ਰਭ ਤੇਰੀ॥***
***ਕਿਸੈ ਥੋੜੀ ਕਿਸੈ ਹੈ ਘਣੇਰੀ॥***

***(ਅੰਗ ੧੧੯)***

ਨਦਰਿ ਸਭ ਤੇ ਹੈ, ਕਿਸੇ ਤੇ ਥੋੜ੍ਹੀ ਹੈ, ਕਿਸੇ ਤੇ ਜ਼ਿਆਦਾ ਹੈ। ਇਨ੍ਹਾਂ ਨੇ ਭਰਪੂਰ ਬਖਸ਼ਿਸ਼ਾਂ ਲਈਆਂ ਹਨ। ਇੱਥੋਂ ਤੱਕ ਤੁਸੀਂ ਸੁਣਿਆ ਸੀ, ਇਨ੍ਹਾਂ ਦੇ ਮਤ ਅਨੁਸਾਰ ਗਲੇ ਵਿੱਚ ਕੈਂਠੀ ਪੁਆਉਣ ਵਾਲੇ ਆਏ ਤੇ ਇਹ ਕਹਿਣ ਲੱਗੇ ਕਿ ਮੈਂ ਨਹੀ ਪੁਆਉਣੀ। ਪਿਤਾ ਜੀ ਫਿਰ ਮਾਫੀ ਮੰਗਣ ਗਏ, ਆਪਣੇ ਮਤ ਦੇ ਗੁਰੂ ਤੋਂ। ਉਸ ਨੇ ਆਖਿਆ, ਇਹ ਬੱਚਾ ਆਮ ਨਹੀਂ ਹੈ। ਇਸ ਨੇ ਕੋਈ ਪੂਰਨ ਪੁਰਖ ਲੱਭਣਾ ਹੈ। ਇੱਥੋਂ ਤੱਕ ਤੁਸੀਂ ਸੁਣਿਆ ਸੀ। ਭਾਈ ਨੰਦ ਲਾਲ ਜੀ, ਇੱਕ ਜੁੜੀ ਹੋਈ ਆਤਮਾ ਦੀ ਉਮਰ ਜਦੋਂ 17 ਸਾਲ ਹੋਈ ਤੇ ਮਾਤਾ ਜੀ ਚੜ੍ਹਾਈ ਕਰ ਗਏ। ਜਦੋਂ ਭਾਈ ਨੰਦ ਲਾਲ ਜੀ ਦੀ ਦੁਨਿਆਵੀ ਉਮਰ 19 ਸਾਲ ਹੋਈ ਤੇ ਪਿਤਾ ਜੀ ਚੜ੍ਹਾਈ ਕਰ ਗਏ। ਕਿਸੇ ਨੇ ਸਲਾਹ ਦਿੱਤੀ, ਪਿਤਾ ਜੀ ਦੀ ਜਗ੍ਹਾ ਤੇ ਤੁਸੀਂ ਨੌਕਰੀ ਕਰ ਲਓ। ਬੜੀ ਵੱਡੀ ਨੌਕਰੀ ਸੀ, ਸਰਕਾਰੇ ਦਰਬਾਰੇ। ਜਦੋਂ ਨੌਕਰੀ ਲਈ ਗਏ, ਉਨ੍ਹਾਂ ਨੇ ਆਖਿਆ, ਪਿਤਾ ਜੀ ਵਰਗੇ ਗੁਣ ਭਰੋ। ਪਿਤਾ ਜੀ ਵਾਂਗ ਟ੍ਰੇਂਡ ਹੋਵੇ ਤੇ ਫਿਰ ਨੌਕਰੀ ਦਿਆਂਗੇ। ਮਾਇਆ ਬਹੁਤ ਸੀ। ਮਾਇਆ ਪੱਖੋਂ ਗਰੀਬ ਨਹੀਂ ਸੀ। ਇੱਥੋਂ ਤੱਕ ਇਤਿਹਾਸਕਾਰਾਂ ਨੇ ਲਿਖਿਆ ਹੈ, ਦੋ ਨੌਕਰ ਘਰ ਸੀ ਤੇ ਦਿਨੇ ਰਾਤ ਰਹਿਣਾ। ਇਹ ਉਹੀ ਰੱਖ ਸਕਦਾ ਹੈ ਜਿਸ ਅੰਦਰ ਸਮਰੱਥਾ ਹੋਵੇ। ਭਾਈ ਨੰਦ ਲਾਲ ਜੀ ਨੇ ਜਿੰਨੀ ਪੂੰਜੀ ਵੱਡਿਆਂ ਦੀ ਸੀ, ਉਸ ਤੋਂ ਹੋਰ ਪੂੰਜੀ ਇਕੱਠੀ ਕੀਤੀ ਤੇ ਫਿਰ ਮੁਲਤਾਨ ਆ ਗਏ। ਵਿਦਵਾਨ ਬਹੁਤ ਸੀ। ਅਰਬੀ, ਫਾਰਸੀ, ਸੰਸਕ੍ਰਿਤ, ਹਿੰਦੀ, ਹੋਰ ਬੋਲੀਆਂ ਦੇ ਗਿਆਤਾ ਸੀ। ਅੱਗੇ ਇਨ੍ਹਾਂ ਦੀਆਂ ਗਜ਼ਲਾਂ

ਆਉਣਗੀਆਂ। ਬੜਾ ਅਨੰਦ ਉਸ ਵਿੱਚ ਹੈ। ਜਦੋਂ ਲਿਖ ਕੇ ਕਿਤਾਬ ਭੇਟਾ ਕੀਤੀ, ਪਿਤਾ ਜੀ, ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੋਲ। ਅਜੇ ਪਹਿਲਾ ਸਮਾਂ ਚੱਲ ਰਿਹਾ ਹੈ। ਮੁਲਤਾਨ ਆਏ, ਸੁਭਾਅ ਮਿਲਾਪੜਾ ਸੀ। ਬਹੁਤ ਪਿਆਰ ਲਿਆ। ਥੋੜ੍ਹੇ ਚਿਰ ਬਾਅਦ ਵਿਆਹ ਹੋ ਗਿਆ।

ਇਤਿਹਾਸਕਾਰਾਂ ਨੇ ਲਿਖਿਆ ਹੈ, ਇਹੋ ਜਿਹੀ ਲੜਕੀ ਨਾਲ ਭਾਈ ਨੰਦ ਲਾਲ ਜੀ ਦਾ ਵਿਆਹ ਹੋਇਆ, ਜਿਹੜੀ ਸਤਿਗੁਰੂ ਜੀ ਦੀ ਬਾਣੀ ਪੜ੍ਹਦੀ ਸੀ। ਲਫਜ਼ ਲਿਖੇ ਹਨ, ਸਤਵੰਤੀ ਔਰਤ ਸੀ। ਜਿਹੜੀ ਅੰਦਰ ਦੀ ਨਜ਼ਰ ਹੈ, ਉਹ ਰੱਜੀਆਂ ਹੋਈਆਂ ਦੀ ਹੈ। ਕਹਿਣ ਤੋਂ ਭਾਵ ਅੰਦਰ ਰੱਜ ਹੈ, ਕੋਈ ਤ੍ਰਿਸ਼ਨਾ ਨਹੀਂ, ਸਬਰ ਹੈ। ਇਹ ਗੱਲਾਂ ਦੀ ਬਰੀਕੀ ਲੈਣਾ। ਨਜ਼ਰਾਂ ਰੱਜੀਆਂ ਹੋਈਆਂ ਹਨ। ਮੇਰੇ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਕਿਰਪਾ ਕਰਨ, ਬੀਬੀ ਕੌਲਾਂ ਜੀ ਫੁਲਵਾੜੀ ਵਿੱਚ ਜਿੰਨੀਆਂ ਧੀਆਂ, ਨੂੰਹਾਂ, ਸੱਸਾਂ ਆਉਂਦੀਆਂ ਹਨ, ਉਨ੍ਹਾਂ ਸਾਰਿਆਂ ਤੇ ਹੀ ਇਹ ਕਿਰਪਾ ਹੋ ਜਾਵੇ, ਸਾਡੀਆਂ ਨਜ਼ਰਾਂ ਰੱਜੀਆਂ ਹੀ ਰਹਿਣ। ਜ਼ਰਾ ਜਿਹੀ ਲੋਹੜੀ ਕੁੜਮਾਂ ਤੋਂ ਢਿੱਲੀ ਆ ਗਈ, ਜ਼ਰਾ ਜਿਹੀ ਦੀਵਾਲੀ ਕੁੜਮਾਂ ਤੋਂ ਢਿੱਲੀ ਆ ਗਈ, ਪੈ ਗਈਆਂ ਕੰਧਾਂ। ਜਿਸ ਦੀਆਂ ਨਜ਼ਰਾਂ ਰੱਜੀਆਂ ਹੋਣ, ਉਹ ਇਨ੍ਹਾਂ ਤੋਂ ਉੱਤੇ ਉੱਠ ਜਾਂਦਾ ਹੈ। ਉਹ ਸਮਝਦਾ ਹੈ, ਇਹ ਸਿਰਫ ਪਿਆਰ ਹੈ, ਤਿਉਹਾਰ ਦਾ। ਦੇਣ ਵਾਲੇ ਤਾਂ ਸਾਡੇ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਹਨ। ਮੰਗਣਾ ਹੈ ਤੇ ਉਨ੍ਹਾਂ ਕੋਲੋਂ ਹੀ ਹੈ। ਇੱਥੇ ਆ ਕੇ ਇਹ ਗੁਣ ਲੈਣਾ। ਤੁਸੀਂ ਅਗਲੀਆਂ ਚੀਜ਼ਾਂ ਸੁਣੋਗੇ, ਸਹੀ ਮਹਿਨਿਆਂ ਵਿੱਚ ਤੁਹਾਨੂੰ ਇੰਞ ਜਾਪੇਗਾ, ਭਾਈ ਨੰਦ ਲਾਲ ਜੀ ਨੂੰ ਜੋੜਨ ਵਾਲੀ ਉਨ੍ਹਾਂ ਦੀ ਘਰਵਾਲੀ ਹੀ ਹੈ। ਇਹ ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਸਤਵੰਤੀ, ਰੱਜੀਆਂ ਨਜ਼ਰਾਂ ਵਾਲੀ ਬੀਬੀ। ਇਹ ਪੰਕਤੀਆਂ ਯਾਦ ਰੱਖਿਆ ਕਰੋ :

***ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ ॥***

*(ਅੰਗ ੧)*

ਅਨੇਕਾਂ ਪੁਰੀਆਂ ਦੇ ਪਦਾਰਥ ਵੀ ਤੇਰੇ ਘਰ ਆ ਜਾਣ, ਜਦ ਤੱਕ ਤੇਰੇ ਅੰਦਰੋਂ ਭੁੱਖ ਖਤਮ ਨਹੀਂ ਹੋਈ, ਉਨੀ ਦੇਰ ਤੱਕ ਰੱਜ ਨਹੀਂ ਆ ਸਕਦਾ। ਯਾਦ ਰੱਖਿਓ, ਪਦਾਰਥ ਜਿੰਨੇ ਮਰਜ਼ੀ ਆ ਜਾਣ, ਜਦੋਂ ਤੱਕ ਤ੍ਰਿਸ਼ਨਾ ਖਤਮ ਨਹੀਂ ਹੁੰਦੀ ਉਦੋਂ ਤੱਕ ਬੰਦਾ ਭੁੱਖੇ ਦਾ ਭੁੱਖਾ ਹੀ ਰਹਿੰਦਾ ਹੈ। ਪਰਮਾਤਮਾ ਰੱਜ ਦੇ ਦੇਵੇ ਤੇ ਲੂਣ ਵਾਲੀ ਰੋਟੀ ਖਾ ਕੇ ਵੀ ਬੰਦਾ ਪਰਮਾਤਮਾ ਦਾ ਸ਼ੁਕਰ ਕਰਦਾ ਹੈ। ਪਰਮਾਤਮਾ ਰੱਜ ਨਾ ਦੇਵੇ ਤੇ ਵੀਹ ਲੱਖ ਵਾਲੀ ਗੱਡੀ ਥੱਲੇ ਰੱਖ ਕੇ ਵੀ ਰੱਜ ਨਹੀਂ ਆਉਂਦਾ। ਗੁਰੂ ਸਾਹਿਬ ਕਿਰਪਾ ਕਰਨ। ਕਿਉਂਕਿ ਦਾਸ ਨੂੰ ਕੀਰਤਨ ਦੀ ਸੇਵਾ ਹੋਣ ਕਰਕੇ ਥਾਂ-ਥਾਂ ਵਿਚਰਨਾ ਪੈਂਦਾ ਹੈ, ਫਿਰ ਸੰਗਤ ਨਾਲ ਪਿਆਰ ਦੇ ਨਾਤੇ ਕਈ ਮਸਲੇ ਆਉਂਦੇ ਹਨ, 50% ਮਸਲੇ ਇਹੀ ਹੁੰਦੇ ਹਨ, ਸਾਡੀ ਤਾਂ ਅਣਬਣ ਹੋ ਗਈ, ਇਨ੍ਹਾਂ ਨੇ ਫਲਾਣੇ ਵੇਲੇ ਸਾਨੂੰ ਦਿੱਤਾ ਹੀ ਕੀ ਹੈ। ਇਹ ਪੰਕਤੀਆਂ ਹਿਰਦੇ ਵਿੱਚ ਵਸਾ ਕੇ ਰੱਖਿਆ ਕਰੋ :

***ਮਾਨੁਖ ਕੀ ਟੇਕ ਬ੍ਰਿਥੀ ਸਭ ਜਾਨੁ ॥***
***ਦੇਵਨ ਕਉ ਏਕੈ ਭਗਵਾਨੁ ॥***
***ਜਿਸ ਕੈ ਦੀਐ ਰਹੈ ਅਘਾਇ ॥***
***ਬਹੁਰਿ ਨ ਤ੍ਰਿਸਨਾ ਲਾਗੈ ਆਇ ॥***

*(ਅੰਗ ੨੮੧)*

ਅਘਾਇ ਦਾ ਮਤਲਬ ਹੈ, ਰੱਜਣਾ, ਤ੍ਰਿਸ਼ਨਾ ਹੀ ਮੁਕਾ ਦਿੱਤੀ। ਉਸ ਨੇ ਇਹੋ ਜਿਹੀ ਦਾਤ ਦੇ ਦਿੱਤੀ। ਤੁਸੀਂ ਗਾਥਾ ਸੁਣਦੇ ਹੋ। ਇੱਕ ਸੇਠ ਨੇ ਮੁਨੀਮ ਨੂੰ ਕਿਹਾ ਸੀ, ਮੇਰੇ ਕੋਲ ਕੁੱਲ ਕਿੰਨੀ ਮਾਇਆ ਹੈ। ਉਸ ਨੇ ਜੋੜ ਲਾ ਕੇ ਦੱਸਿਆ, ਤੁਹਾਡੀਆਂ ਗਿਆਰ੍ਹਾਂ ਕੁੱਲਾਂ ਵਿਹਲੇ ਬੈਠ ਕੇ ਖਾ

ਸਕਦੀਆਂ ਹਨ। ਉਹ ਰੋ ਪਿਆ। ਮੁਨੀਮ ਕਹਿਣ ਲੱਗਾ, ਤੁਹਾਡੇ ਪੁੱਤਰ, ਅੱਗੋਂ ਪੋਤਰੇ, ਪੜਪੋਤਰੇ, ਵਿਹਲੇ ਬੈਠ ਕੇ ਖਾ ਸਕਦੇ ਹਨ। ਆਪਣੇ ਕੋਲ ਇੰਨੀ ਮਾਇਆ ਹੈ ਪਰ ਤੁਸੀਂ ਤਾਂ ਵੀ ਰੋ ਰਹੇ ਹੋ। ਉਹ ਕਹਿਣ ਲੱਗਾ, ਮੈਂ ਤਾਂ ਰੋ ਰਿਹਾ ਹਾਂ, ਬਾਰ੍ਹਵੀਂ ਕੁੱਲ ਦਾ ਕੀ ਬਣੇਗਾ? ਜਿਸ ਦੀ ਤ੍ਰਿਸ਼ਨਾ ਨਹੀਂ ਮੁੱਕੀ, ਗਿਆਰ੍ਹਾਂ ਕੁੱਲਾਂ ਤੱਕ ਵੀ ਮਾਇਆ ਹੋਵੇ ਤਾਂ ਵੀ ਪ੍ਰੇਸ਼ਾਨੀਆਂ ਹੀ ਹਨ। ਜੇ ਗੁਰੂ ਸਾਹਿਬ ਨੇ ਰੱਜ ਦੇ ਦਿੱਤਾ, ਅੰਦਰਲਾ ਰੱਜ ਦੇ ਦਿੱਤਾ ਤਾਂ ਲੂਣ ਵਾਲੀ ਰੋਟੀ ਵਿੱਚ ਵੀ ਸੁਆਦ ਆਵੇਗਾ। ਅੰਦਰਲਾ ਰੱਜ ਦੇ ਦਿੱਤਾ, ਸਾਈਕਲ ਤੇ ਵੀ ਉਹ ਰੱਜ ਜਾਵੇਗਾ।

*ਜਿਸ ਕੈ ਦੀਐ ਰਹੈ ਅਘਾਇ ॥*
*ਬਹੁਰਿ ਨ ਤ੍ਰਿਸਨਾ ਲਾਗੈ ਆਇ ॥*

*(ਅੰਗ ੨੮੧)*

ਜੇਕਰ ਰੱਬ ਦੀ ਕਿਰਪਾ ਹੋ ਜਾਵੇ ਤਾਂ ਰੱਜਿਆ ਪਰਿਵਾਰ ਮਿਲ ਜਾਵੇ। ਰੱਬ ਦੀ ਕਿਰਪਾ ਹੋ ਜਾਵੇ, ਸਹੀ ਫੈਮਿਲੀ ਮਿਲ ਜਾਵੇ ਤਾਂ ਘਰ ਸਵਰਗ ਬਣ ਜਾਂਦਾ ਹੈ। ਪਰ ਜੇ ਕੋਈ ਉਹੋ ਜਿਹਾ ਪਰਿਵਾਰ ਮਿਲ ਜਾਵੇ ਜਿਹੜਾ ਰੱਜ ਦੀ ਪਉੜੀ ਨਹੀਂ ਚੜ੍ਹਿਆ ਤਾਂ ਸਾਰੀ ਜ਼ਿੰਦਗੀ ਪ੍ਰੇਸ਼ਾਨੀਆਂ ਦਾ ਕਾਰਨ ਬਣ ਜਾਂਦਾ ਹੈ। ਭਾਵੇਂ ਸੰਜੋਗ ਉਸ ਦੇ ਹੀ ਹਨ। ਬੋਲਣ ਵਿੱਚ ਤਾਂ ਦੁਨਿਆਵੀ ਗੱਲ ਆਉਂਦੀ ਹੀ ਹੈ। ਹੁਣ ਭਾਈ ਨੰਦ ਲਾਲ ਜੀ ਨੂੰ ਇਹੋ ਜਿਹੀ ਪਤਨੀ ਮਿਲਣੀ, ਇਹ ਰੱਬੀ ਕਿਰਪਾ ਹੀ ਹੈ। ਪਹਿਲੇ ਲਫਜ਼ ਲਿਖੇ ਹਨ, ਸਤਵੰਤੀ। ਦੂਜੇ ਲਫਜ਼ ਲਿਖੇ ਹਨ, ਰੱਜੀ ਹੋਈ। ਅੱਖਾਂ ਰੱਜੀਆਂ ਹੋਈਆਂ ਹਨ। ਬੜੀ ਵੱਡੀ ਗੱਲ ਹੈ। ਫਿਰ ਥੋੜ੍ਹੇ ਵਿੱਚ ਵੀ ਸ਼ਾਂਤੀ ਹੈ। ਨਹੀਂ ਰੱਜੀਆਂ ਤੇ ਪੁੱਛੋ ਹੀ ਕੁਝ ਨਾ। ਜਿੰਨਾ ਮਰਜ਼ੀ ਘਰ ਭਰੀ ਜਾਓ। ਤੀਜੇ ਲਫਜ਼ ਲਿਖੇ ਹਨ, ਜਿਸ ਬੀਬੀ ਨਾਲ ਭਾਈ ਨੰਦ ਲਾਲ ਜੀ ਦੀ ਸ਼ਾਦੀ ਹੋਈ, ਉਸ ਦਾ ਅੰਮ੍ਰਿਤ ਵੇਲਾ ਨਿਤ ਦਾ ਹੈ। ਭਾਈ ਵੀਰ ਸਿੰਘ ਜੀ ਨੇ ਤੇ ਹੋਰ ਰਾਈਟਰਾਂ ਨੇ ਲਿਖਿਆ ਹੈ। ਮੂੰਹ ਵਿੱਚ ਬਾਣੀ ਪੜ੍ਹਨੀ, ਅਵਾਜ਼ ਵੀ ਆਉਣੀ। ਭਾਈ ਨੰਦ ਲਾਲ ਜੀ ਦੀ ਪਤਨੀ ਦਾ ਨਿਤਨੇਮ ਲਿਖਿਆ ਹੈ। ਇੰਟਰਨੈੱਟ ਤੇ ਵੇਖਣਾ ਤੇ ਉੱਥੇ ਵੀ ਕਈਆਂ ਨੇ ਲਿਖਿਆ ਹੈ। ਇਹ ਲਿਖਿਆ ਹੈ, ਇੱਕ ਘੰਟਾ ਭਾਈ ਨੰਦ ਲਾਲ ਜੀ ਦੀ ਪਤਨੀ ਚੁੱਪ ਕਰਕੇ ਬੈਠਦੇ ਸਨ। ਦਾਸ ਨੇ ਇੱਥੋਂ ਅੰਦਾਜ਼ਾ ਲਿਆ ਕਿ ਚੁੱਪ ਕਰਕੇ ਬੈਠਣਾ, ਇਸ ਨਾਲ ਫਿਰ ਅੰਦਰ ਦੀ ਖੁਰਾਕ ਮਿਲਦੀ ਹੈ, ਅੰਦਰ ਫਿਰ ਸਿਮਰਨ ਚਲਦਾ ਹੈ। ਕੁਝ ਚਿਰ ਬਾਣੀ ਬੋਲ ਕੇ ਪੜ੍ਹਨੀ। ਇਸ ਤਰ੍ਹਾਂ ਅੰਮ੍ਰਿਤ ਵੇਲਾ ਸੰਭਾਲਦੇ ਸੀ। ਅੰਮ੍ਰਿਤ ਵੇਲੇ ਦੀ ਸੰਭਾਲ ਬਾਰੇ ਜਿਵੇਂ ਮਹਾਰਾਜ ਜੀ ਨੇ ਸੋਝੀ ਬਖਸ਼ੀ ਹੈ:

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥*

*(ਅੰਗ ੩੦੫)*

ਨਾਮ ਵੀ ਧਿਆਉਣਾ ਤੇ ਨਾਲ ਇਹ ਵੀ ਆਖਿਆ ਹੈ:

*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ*
*ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥*

*(ਅੰਗ ੩੦੫)*

ਇਸ ਤਰ੍ਹਾਂ ਘੰਟਾ ਕੁ ਚੁੱਪ ਕਰਕੇ ਬੈਠਣਾ ਅਤੇ ਅੰਦਰ ਸਿਮਰਨ ਦੀ ਰੌਅ ਚੱਲਣੀ। ਫਿਰ ਘੰਟਾ ਕੁ ਬਾਣੀ ਬੋਲ ਕੇ ਪੜ੍ਹਨੀ ਪਰ ਉੱਚੀ ਨਹੀਂ ਸੀ ਪੜ੍ਹਦੇ। ਇੱਕ ਦਿਨ ਭਾਈ ਨੰਦ ਲਾਲ ਜੀ ਆਪਣੀ ਪਤਨੀ ਨੂੰ ਕਹਿੰਦੇ ਹਨ, ਜਦੋਂ ਤੂੰ ਚੁੱਪ ਕਰਕੇ ਬੈਠਦੀ ਹੈਂ, ਉਹ ਤਾਂ ਮੈਂ ਸਮਝ ਗਿਆ ਹਾਂ ਕਿ ਤੂੰ ਸਿਮਰਨ ਕਰਦੀ ਹੈਂ ਪਰ ਜਦੋਂ ਤੂੰ ਮੂੰਹ ਵਿੱਚ ਕੁਝ ਪੜ੍ਹਦੀ ਹੈਂ ਤੇ ਉੱਚੀ ਨਹੀਂ ਪੜ੍ਹਦੀ ਉਸ ਸਮੇਂ ਮੈਨੂੰ ਪੂਰੀ ਸਮਝ ਨਹੀਂ ਲੱਗਦੀ ਕਿ ਤੂੰ ਕੀ ਪੜ੍ਹ ਰਹੀ ਹੈਂ? ਇਸ ਤਰ੍ਹਾਂ ਭਾਈ ਨੰਦ ਲਾਲ ਜੀ ਨੇ ਕਿਹਾ, ਤੈਨੂੰ ਬਿਲਕੁਲ ਮੇਰੇ ਕੋਲੋਂ ਡਰਨ ਦੀ ਲੋੜ ਨਹੀਂ। ਇਸ ਬਾਣੀ ਨੂੰ ਉੱਚੀ

ਪੜ੍ਹ। ਮੇਰਾ ਵੀ ਦਿਲ ਕਰਦਾ ਹੈ ਕਿ ਤੂੰ ਪੜ੍ਹੇਂ ਤੇ ਮੈਂ ਸੁਣਾਂ। ਪਤਨੀ ਨੇ ਬਾਣੀ ਉੱਚੀ ਪੜ੍ਹਨੀ ਸ਼ੁਰੂ ਕਰ ਦਿੱਤੀ ਤੇ ਭਾਈ ਨੰਦ ਲਾਲ ਜੀ ਨੇ ਫਿਰ ਸੁਣਨਾ।

ਅੱਗੇ ਲਫਜ਼ ਲਿਖੇ ਹਨ, ਸਤਿਕਾਰ ਵਧਣਾ ਸ਼ੁਰੂ ਹੋ ਗਿਆ। ਪਤਨੀ ਨੇ ਬਾਣੀ ਪੜ੍ਹਨੀ ਤੇ ਇਹੋ ਜਿਹੀ ਕਿਰਪਾ ਹੋ ਗਈ ਕਿ ਭਾਈ ਨੰਦ ਲਾਲ ਜੀ ਨੂੰ ਉਹ ਬਾਣੀ ਕੰਠ ਹੋਣੀ ਸ਼ੁਰੂ ਹੋ ਗਈ। ਭਾਈ ਵੀਰ ਸਿੰਘ ਜੀ ਨੇ ਦੋ ਗੱਲਾਂ ਲਿਖੀਆਂ ਹਨ। ਪਤਨੀ ਬਾਣੀ ਉੱਚੀ ਪੜ੍ਹਦੀ ਹੈ ਤੇ ਭਾਈ ਨੰਦ ਲਾਲ ਜੀ ਦਾ ਉਸ ਬਾਣੀ ਨੂੰ ਪੜ੍ਹਨ, ਸੁਣਨ ਅਤੇ ਕੰਠ ਕਰਨ ਦਾ ਸੁਭਾਅ ਬਣ ਗਿਆ।

ਇੱਕ ਦਿਨ ਭਾਈ ਨੰਦ ਲਾਲ ਜੀ ਆਪਣੀ ਪਤਨੀ ਨੂੰ ਕਹਿੰਦੇ ਹਨ, ਭਾਗਾਂ ਵਾਲੀਏ, ਕਿਤੇ ਸਮਾਂ ਬਣੇ, ਇਸ ਬਾਣੀ ਦੇ ਰਚਨਹਾਰ ਦੇ ਦਰਸ਼ਨ ਕਰਵਾ ਦੇ। ਦੀਦਾਰੇ ਕਰਵਾ ਦੇ। ਇੰਨੀ ਮਿੱਠੀ ਬਾਣੀ ਹੈ, ਇੰਨੀ ਠੰਡ ਪੈਂਦੀ ਹੈ। ਇਸ ਸਮੇਂ ਵਿੱਚ ਮੁਲਤਾਨ ਦੇ ਹਾਕਮ ਨੇ ਮੀਰ ਮੁਨਸ਼ੀ ਦੀ ਨੌਕਰੀ ਦਿੱਤੀ। ਕੁਝ ਚਿਰ ਨੌਕਰੀ ਕੀਤੀ ਤੇ ਲਿਖਿਆ ਹੈ, ਈਰਖਾ ਵਾਲੇ ਪੈਦਾ ਹੋ ਗਏ। ਵੇਖੋ, ਈਰਖਾ ਹਰ ਥਾਂ ਹੀ ਪ੍ਰਧਾਨ ਹੈ। ਦਾਸ ਪੜ੍ਹਦਾ ਪਿਆ ਸੀ, ਦਾਸ ਨੇ ਸੋਚਿਆ ਕਿ ਭਾਈ ਨੰਦ ਲਾਲ ਜੀ ਨੂੰ ਵੀ ਈਰਖਾ ਵਾਲਿਆਂ ਨੇ ਨਹੀਂ ਛੱਡਿਆ। ਉਹ ਕਿਹੜਾ ਸਮਾਂ ਸੀ? ਹੁਣ ਤਾਂ ਪੁੱਛੋ ਹੀ ਕੁਝ ਨਾ। ਭਾਈ ਨੰਦ ਲਾਲ ਜੀ ਮੀਰ ਮੁਨਸ਼ੀ ਦੀ ਨੌਕਰੀ ਕਰਦੇ ਹਨ, ਬਾਣੀ ਨਾਲ ਪ੍ਰੇਮ ਪਿਆਰ। ਹੁਣ ਅਗਲੀ ਗੱਲ ਵੱਲ ਧਿਆਨ ਦੇਣਾ। ਭਾਈ ਨੰਦ ਲਾਲ ਜੀ ਦੇ ਅੱਗੋਂ ਦੋ ਪੁੱਤਰ ਹੋਏ ਹਨ ਪਰ ਹੋਏ 40 ਸਾਲ ਦੀ ਉਮਰ ਵਿੱਚ ਹਨ। ਔਲਾਦ ਕਾਫੀ ਦੇਰ ਬਾਅਦ ਹੋਈ। ਉਨ੍ਹਾਂ ਦੇ ਨਾਂ ਹੋਏ ਹਨ: ਲਖਪਤ ਰਾਇ ਤੇ ਲੀਲਾ ਰਾਮ।

ਇੱਕ ਦਿਨ ਭਾਈ ਨੰਦ ਲਾਲ ਜੀ ਗੁਰਦੁਆਰਾ ਸਾਹਿਬ ਧਰਮਸ਼ਾਲ ਕੀਰਤਨ ਸੁਣ ਰਹੇ ਹਨ। ਬੈਠੇ ਹਨ ਤੇ ਕੀਰਤਨ ਸੁਣ ਰਹੇ ਹਨ। ਰਾਗੀ ਸਿੰਘਾਂ ਨੇ ਸ਼ਬਦ ਲਗਾਇਆ। ਉਹ ਸ਼ਬਦ ਗਾ ਕੇ ਸੁਣ ਲਓ। ਜਿੱਥੋਂ ਅੰਦਰ ਸੱਟ ਵਜ ਗਈ ਕਿ ਹੁਣ ਬਾਜਾਂ ਵਾਲੇ ਪਿਤਾ ਜੀ ਕੋਲ ਜਾਣਾ ਹੈ। ਉਹ ਸ਼ਬਦ ਲੱਗਾ ਸੀ :

***ਦੇਖੁ ਫਰੀਦਾ ਜੁ ਥੀਆ ਦਾੜੀ ਹੋਈ ਭੂਰ ॥***
***ਅਗਹੁ ਨੇੜਾ ਆਇਆ ਪਿਛਾ ਰਹਿਆ ਦੂਰਿ ॥੯॥***
*(ਅੰਗ ੧੩੭੮)*

ਇਹ ਕੋਈ ਪਤਾ ਨਹੀਂ ਹੁੰਦਾ ਕਿਹੜੇ ਵੇਲੇ ਕਿਹੜਾ ਬਚਨ ਹਿਰਦੇ ਵਿੱਚ ਵਜ ਜਾਵੇ ਤੇ ਜੀਵਨ ਪਲਟ ਜਾਵੇ। ਦਾਸ ਨੂੰ ਇੱਕ ਭੈਣ ਜੀ ਮਿਲੇ। ਕਹਿਣ ਲੱਗੇ, ਮੈਂ ਸੁਖਮਨੀ ਸਾਹਿਬ ਜੀ ਦਾ ਪਾਠ ਅੱਧਾ ਕਰਦੀ ਸੀ। ਕਹਿਣ ਲੱਗੇ, ਟੀ.ਵੀ. ਤੇ ਬਾਬਾ ਸੁਖਦੇਵ ਸਿੰਘ ਜੀ ਦਾ ਇੱਕ ਬਚਨ ਸੁਣਿਆ, ਇਸ ਤੋਂ ਸਸਤਾ ਸੌਦਾ ਗੁਰੂ ਸਾਹਿਬ ਨੇ ਹੋਰ ਕੀ ਦੇਣਾ ਹੈ, ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਇਹ ਬਚਨ ਕੀਤਾ ਹੈ ਕਿ ਇੱਕ ਪਾਠ ਸੁਖਮਨੀ ਸਾਹਿਬ ਕੋਈ ਜੁੜ ਕੇ ਕਰ ਲਵੇ ਤੇ ਉਸ ਦੇ 24 ਘੰਟਿਆਂ ਦੇ 24000 ਸਵਾਸ ਸਫਲੇ ਹੋ ਜਾਣਗੇ। ਉਨ੍ਹਾਂ ਦੇ ਸੁਣਾਉਣ ਦਾ ਢੰਗ ਇਹੋ ਜਿਹਾ ਸੀ ਕਿ ਇੰਨਾ ਸੌਖਾ ਰਾਹ ਹੈ। ਇੱਕ ਇੱਕ ਸਵਾਸ ਸਫਲਾ ਕਰਨਾ ਚਾਹੀਦਾ ਹੈ ਤੇ ਗੁਰੂ ਸਾਹਿਬ ਇੰਨੀ ਰਿਆਇਤ ਦੇ ਰਹੇ ਹਨ। ਇੰਨਾ ਤਕੜਾ ਪ੍ਰਾਫਿਟ ਦੇ ਦੇਣ। ਇੰਨੀ ਤਕੜੀ ਸਕੀਮ ਦੇ ਦੇਣ, ਇੱਕ ਪਾਠ ਸੁਖਮਨੀ ਸਾਹਿਬ ਜੀ ਦਾ ਕਰ ਲਵੋ ਤੇ 24000 ਸਵਾਸ ਤੇਰੇ ਸਫਲੇ ਹੋ ਜਾਣਗੇ, ਇਸ ਤੋਂ ਵਧੀਆ ਸੌਦਾ ਹੋਰ ਕੋਈ ਨਹੀਂ। ਇਹ ਸੰਗਤ ਜੀ, ਇਹੋ ਜਿਹਾ ਅਸਰ ਹੋਇਆ ਕਿ ਕਿੰਨਿਆਂ ਨੇ ਬਾਹਾਂ ਖੜ੍ਹੀਆਂ ਕਰਕੇ ਫਿਰ ਪਿਆਰ ਦਾ ਸਬੂਤ ਦਿੱਤਾ, ਅੱਜ ਤੋਂ ਬਾਅਦ ਪੂਰਾ ਪਾਠ ਕਰਿਆ ਕਰਾਂਗੇ। ਇਹ ਕੋਈ ਪਤਾ ਨਹੀਂ ਹੁੰਦਾ, ਕਿਹੜੇ ਵੇਲੇ ਕਿਹੜੀ ਘੜੀ ਕਿਹੜਾ ਬਚਨ ਹਿਰਦੇ ਤੇ ਵਜੇ ਤੇ ਜੀਵਨ ਬਣ ਜਾਵੇ।

ਇੱਕ ਡਾਕਟਰ ਵੀਰਵਾਰ ਕੀਰਤਨ ਸਮਾਗਮ ਤੇ ਆਉਂਦਾ ਸੀ, ਆਪਣੀ ਮਾਤਾ ਜੀ ਨੂੰ ਛੱਡਣ। ਹੁਣ ਉਹ ਮਾਤਾ ਜੀ ਚੜ੍ਹਾਈ ਕਰ ਗਏ ਹਨ। ਮਾਤਾ ਜੀ ਨੇ ਕਹਿਣਾ, ਮੈਨੂੰ ਵੀਰਵਾਰ ਕੀਰਤਨ ਸਮਾਗਮ ਤੇ ਛੱਡ ਆ। ਉਸਨੇ ਬਾਹਰ ਹੀ ਛੱਡਣਾ ਤੇ ਦੂਰੋਂ ਹੀ ਚਲੇ ਜਾਣਾ। ਮਾਤਾ ਜੀ ਨੇ ਕਹਿਣਾ, ਤੂੰ ਵੀ ਸੁਣ ਲੈ। ਡਾਕਟਰ ਨੇ ਕਹਿਣਾ, ਵਿਹਲਿਆਂ ਦਾ ਕੰਮ ਹੈ। ਮਾਤਾ ਜੀ, ਇਹ ਕਥਾ-ਕੀਰਤਨ ਸੁਣਨਾ ਬਜ਼ੁਰਗਾਂ ਦਾ, ਵਿਹਲਿਆਂ ਦਾ ਕੰਮ ਹੈ। ਡਾਕਟਰ ਸਾਹਿਬ ਨੇ ਬਚਨ ਸੁਣਾਇਆ। ਉਹ ਕਹਿਣ ਲੱਗੇ, ਇੱਕ ਦਿਨ ਮਾਤਾ ਜੀ ਨੇ ਜਲਦੀ ਜਾਣਾ ਸੀ ਘਰ। ਉਹ ਕਹਿਣ ਲੱਗੇ ਕਿ ਤੂੰ ਇੱਥੇ ਰੁਕ, ਅੱਧਾ ਪੌਣਾ ਘੰਟੇ ਬਾਅਦ ਮੈਨੂੰ ਨਾਲ ਹੀ ਵਾਪਸ ਲੈ ਜਾਈਂ। ਉਹ ਬਿੱਧ ਬਣ ਗਈ। ਸਕੂਟਰ ਲਗਾ ਕੇ ਸਕੂਟਰ ਦੀ ਸੀਟ ਤੇ ਬੈਠ ਕੇ ਹੀ ਕਥਾ-ਕੀਰਤਨ ਸੁਣਿਆ ਕਿਉਂਕਿ ਮਾਂ ਨੂੰ ਵਾਪਸ ਲੈ ਕੇ ਜਾਣਾ ਹੈ। ਸੰਗਤ ਜੀ, ਰੱਬ ਜਾਣੇ ਉਸ ਦਿਨ ਪਤਾ ਨਹੀਂ ਕੀ ਵਿਚਾਰ ਲੱਗੀ, ਕੀ ਗੱਲ ਉਸ ਦੇ ਅੰਦਰ ਵਜ ਗਈ ਕਿ ਅੱਜ ਉਸ ਡਾਕਟਰ ਦਾ ਪੰਜ ਪਾਠ ਸੁਖਮਨੀ ਸਾਹਿਬ ਦਾ ਰੋਜ਼ ਦਾ ਨੇਮ ਹੈ ਤੇ ਉਹ ਡਾਕਟਰ ਅੱਜ ਚਾਹਵੇ, 70-80 ਹਜ਼ਾਰ ਤਨਖਾਹ ਲੈ ਸਕਦਾ ਹੈ ਪਰ ਆਪਣੀ ਜ਼ਿੰਦਗੀ ਵਿੱਚ ਦੁਨੀਆਂ ਦੀ ਨਿਸ਼ਕਾਮ ਸੇਵਾ ਕਰ ਰਿਹਾ ਹੈ। ਕੋਈ ਪਤਾ ਨਹੀਂ ਹੁੰਦਾ, ਇੱਕ ਮਿੰਟ ਦਾ ਸਤਿਸੰਗ ਜੀਵਨ ਬਦਲ ਦੇਵੇ।

***ਕਵਨ ਗੁਨ ਪ੍ਰਾਨਪਤਿ ਮਿਲਉ ਮੇਰੀ ਮਾਈ ॥੧॥ ਰਹਾਉ ॥***

*(ਅੰਗ ੨੦੪)*

ਫਿਰ ਅਖੀਰਲੀ ਪੰਕਤੀ, ਇਹ ਚੀਜ਼ਾਂ ਭਰੀਆਂ ਪਈਆਂ ਹਨ। ਪਹਿਲਾਂ ਕਿਹਾ ਹੈ :

***ਖੋਜਤ ਖੋਜਤ ਭਈ ਬੈਰਾਗਨਿ***
***ਪ੍ਰਭ ਦਰਸਨ ਕਉ ਹਉ ਫਿਰਤ ਤਿਸਾਈ ॥੩॥***

*(ਅੰਗ ੨੦੪)*

ਅਖੀਰ ਤੇ ਕਹਿੰਦੇ ਹਨ, ਸਾਧ ਸੰਗਤ ਵਿੱਚ ਪਤਾ ਨਹੀਂ ਕਿਹੜੇ ਬਚਨ ਨੇ ਤੇਰਾ ਜੀਵਨ ਬਣਾ ਦੇਣਾ ਹੈ।

***ਦੀਨ ਦਇਆਲ ਕ੍ਰਿਪਾਲ ਪ੍ਰਭ ਨਾਨਕ***
***ਸਾਧਸੰਗਿ ਮੇਰੀ ਜਲਨਿ ਬੁਝਾਈ ॥੪॥੧॥੧੧੮॥***

*(ਅੰਗ ੨੦੪)*

ਜਿਹੜਾ ਅੰਦਰ ਅੱਗ ਲੱਗੀ ਪਈ ਹੈ, ਉਹ ਬੁਝ ਜਾਵੇਗੀ। ਫਰੀਦ ਜੀ ਨੇ ਕਿੰਨੀਆਂ ਫਰਿਆਦਾਂ ਕੀਤੀਆਂ ਹਨ :

***ਵਿਧਣ ਖੂਹੀ ਮੁੰਧ ਇਕੇਲੀ ॥***
***ਨਾ ਕੋ ਸਾਥੀ ਨਾ ਕੋ ਬੇਲੀ ॥***

*(ਅੰਗ ੭੯੪)*

ਕਿੰਨੀਆਂ ਫਰਿਆਦਾਂ ਕੀਤੀਆਂ ਹਨ :

***ਕਾਲੀ ਕੋਇਲ ਤੂ ਕਿਤ ਗੁਨ ਕਾਲੀ ॥***
***ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ ॥***

*(ਅੰਗ ੭੯੪)*

***ਤਪਿ ਤਪਿ ਲੁਹਿ ਲੁਹਿ ਹਾਥ ਮਰੋਰਉ ॥***
***ਬਾਵਲਿ ਹੋਈ ਸੋ ਸਹੁ ਲੋਰਉ ॥***

*(ਅੰਗ ੭੯੪)*

ਮੈਂ ਬਾਵਲ ਹੋ ਕੇ ਲੱਭਦੀ ਪਈ ਹਾਂ। ਅਖੀਰ ਤੇ ਇਹ ਤੋੜਾ ਭੰਨਿਆ ਜਿਹੜਾ ਤੁਸੀਂ ਬੈਠੇ ਹੋ। ਅਖੀਰ ਤੇ ਆਖਿਆ :

***ਕਰਿ ਕਿਰਪਾ ਪ੍ਰਭਿ ਸਾਧਸੰਗਿ ਮੇਲੀ ॥***
***ਜਾ ਫਿਰਿ ਦੇਖਾ ਤਾ ਮੇਰਾ ਅਲਹੁ ਬੇਲੀ ॥੩॥***

*(ਅੰਗ ੭੯੪)*

ਮੈਨੂੰ ਸਾਧ ਸੰਗਤ ਬਖਸ਼ ਦਿਓ। ਪਤਾ ਨਹੀਂ ਕਿਹੜਾ ਬਚਨ ਇਹੋ ਜਿਹਾ ਅੰਦਰ ਵਜ ਜਾਵੇ ਕਿ ਮੈਨੂੰ ਅੱਲ੍ਹਾ ਮਿਲ ਜਾਵੇ। ਇਹ ਕੋਈ ਪਤਾ ਨਹੀਂ ਹੁੰਦਾ ਕਿਹੜੇ ਬਚਨ ਨੇ ਕਿਹੜੇ ਵੇਲੇ ਜੀਵਨ ਬਦਲ

ਦੇਣਾ ਹੈ। ਇਹ ਚੀਜ਼ ਬੀਤਦੀ ਹੈ। ਭਾਈ ਵੀਰ ਸਿੰਘ ਜੀ ਨੇ ਲਿਖਿਆ ਹੈ, ਇਹ ਸ਼ਬਦ ਲੱਗਾ ਸੀ:

***ਦੇਖੁ ਫਰੀਦਾ ਜੁ ਥੀਆ ਦਾੜੀ ਹੋਈ ਭੂਰ ॥***
***ਅਗਹੁ ਨੇੜਾ ਆਇਆ ਪਿਛਾ ਰਹਿਆ ਦੂਰਿ ॥੯॥***
*(ਅੰਗ ੧੩੭੮)*

40 ਸਾਲ ਉਮਰ ਹੋ ਗਈ ਸੀ। ਕਈਆਂ ਨੂੰ ਦਾਸ ਦੱਸਣਾ ਚਾਹੁੰਦਾ ਹੈ ਕਿ ਭਾਈ ਨੰਦ ਲਾਲ ਜੀ, ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਦੁਨਿਆਵੀ ਉਮਰ ਵਿੱਚ ਵੱਡੇ ਸਨ। ਕਈ ਰਾਈਟਰਾਂ ਨੇ 23 ਸਾਲ ਦਾ ਫਰਕ ਲਿਖਿਆ ਹੈ, ਕਈਆਂ ਨੇ 30 ਸਾਲ ਦਾ ਫਰਕ ਲਿਖਿਆ ਹੈ। ਮਤਲਬ 23 ਤੋਂ 30 ਸਾਲ ਇਸ ਦੇ ਲਾਗੇ, ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤੋਂ ਉਮਰ ਵੱਡੀ ਸੀ। ਜਦੋਂ ਫਰੀਦ ਜੀ ਦਾ ਸ਼ਬਦ ਅੰਦਰ ਵਜਿਆ। ਦਾਹੜੀ ਭੂਰ ਹੋ ਗਈ। ਅੱਗਾ ਨੇੜੇ ਆ ਗਿਆ ਹੈ। ਇੰਨਾ ਰੋਏ ਤੇ ਕਿਸੇ ਨੇ ਪੁੱਛਿਆ, ਰੋ ਕਿਉਂ ਰਹੇ ਹੋ ਤੇ ਕਹਿਣ ਲੱਗੇ, ਬਾਣੀ ਦਾ ਰਾਹ ਲੱਭਾ ਹੈ ਪਰ ਬਾਣੀ ਦਾ ਰਹਿਬਰ ਨਹੀਂ ਲੱਭਾ। ਸੰਗਤ ਜੀ, ਦਾਸ ਨੂੰ ਗੱਲ ਕਹਿ ਲੈਣ ਦੇਣੀ, ਜਿਵੇਂ ਭੁੱਚੋ ਸਾਹਿਬ ਵਾਲੇ ਮਹਾਂਪੁਰਸ਼ ਬਾਬਾ ਮਹਾਂ ਹਰਨਾਮ ਸਿੰਘ ਜੀ ਨੇ ਆਪਣੀ ਮਾਤਾ ਜੀ ਨੂੰ ਕਿਹਾ ਸੀ, ਮਾਤਾ ਜੀ, ਮੈਨੂੰ ਜਾਣ ਦਿਓ। ਮੈਂ ਜਾਣਾ ਵੀ ਤੇਰੀ ਆਗਿਆ ਨਾਲ ਹੈ ਤੇ ਮੈਨੂੰ ਜਾਣ ਦਿਓ। ਛੋਟੀ ਉਮਰ ਵਿੱਚ ਹੀ। ਕਿੱਥੇ ਜਾਏਂਗਾ? ਕਹਿਣ ਲੱਗੇ, ਮਾਤਾ ਜੀ, ਬੱਸ ਮੈਨੂੰ ਜਾਣ ਦੇ। ਮੈਂ ਚਾਹੁੰਦਾ ਹਾਂ ਕਿ ਤੇਰੀ ਖੁਸ਼ੀ ਨਾਲ ਜਾਵਾਂ, ਤੈਨੂੰ ਕਲਪਾ ਕੇ ਨਾ ਜਾਵਾਂ। ਫਿਰ ਭੁੱਚੋ ਸਾਹਿਬ ਵਾਲੇ ਮਹਾਂਪੁਰਸ਼ ਛੋਟੀ ਉਮਰ ਵਿੱਚ ਆਪਣੀ ਮਾਤਾ ਜੀ ਤੋਂ ਆਗਿਆ ਲੈ ਕੇ ਕਿੱਥੇ ਆਏ ਸੀ? ਸ੍ਰੀ ਅੰਮ੍ਰਿਤਸਰ ਸਾਹਿਬ। ਇੱਥੇ ਹਲਵਾਈ ਕੋਲ ਦੁੱਧ ਛਕਦੇ ਸੀ ਤੇ ਕਿੰਨੇ ਸਾਲਾਂ ਵਿੱਚ ਸਾਢੇ ਸੱਤ ਲੱਖ ਜਪੁਜੀ ਸਾਹਿਬ ਜੀ ਦੇ ਪਾਠਾਂ ਦੀ ਹਾਜ਼ਰੀ ਲਗਾਈ। ਸੱਚਖੰਡ ਸ੍ਰੀ ਦਰਬਾਰ ਸਾਹਿਬ ਦੀਆਂ ਪਰਕਰਮਾ ਕਰਨੀਆਂ, ਬੈਟਰੀਆਂ ਚਾਰਜ ਕਰਨੀਆਂ।

ਇਸ ਤਰ੍ਹਾਂ ਹੀ ਭਾਈ ਨੰਦ ਲਾਲ ਜੀ ਆਪਣੀ ਪਤਨੀ ਨੂੰ ਕਹਿੰਦੇ ਹਨ, ਜਿੰਨੀ ਗ੍ਰਿਹਸਥੀ ਭੁਗਤਣੀ ਸੀ, ਭੁਗਤ ਗਈ। ਹੁਣ ਤੂੰ ਵੀ ਮੈਨੂੰ ਖੁਸ਼ੀ ਨਾਲ ਜਾਣ ਦੇ। ਗ੍ਰਿਹਸਥੀ ਦੀ ਡਿਊਟੀ ਭੁਗਤ ਗਈ ਹੈ। ਹੁਣ ਤੂੰ ਖੁਸ਼ੀ ਨਾਲ ਜਾਣ ਦੇ। ਉਹ ਵੀ ਅੱਗੋਂ ਜੁੜੇ ਹੋਏ ਸੀ। ਇਹ ਚੀਜ਼ਾਂ ਵੇਖ ਕੇ ਅਨੰਦ ਆਉਂਦਾ ਹੈ। ਦੋ ਬੱਚੇ ਹੋ ਗਏ ਹਨ। ਹੁਣ ਮੇਰਾ ਦਿਲ ਕਰਦਾ ਹੈ, ਸ੍ਰੀ ਅਨੰਦਪੁਰ ਸਾਹਿਬ ਜਿਹੜਾ ਬਾਣੀ ਦਾ ਰਹਿਬਰ ਹੈ, ਉਸ ਦੇ ਅੱਗੇ ਜ਼ਿੰਦਗੀ ਲਗਾ ਦਿਆਂ। ਇਹ ਗੱਲਾਂ ਧਿਆਨ ਨਾਲ ਸੁਣਨਾ। ਕੰਮ ਆਉਣ ਵਾਲੀਆਂ ਹਨ ਤੇ ਭਾਈ ਨੰਦ ਲਾਲ ਜੀ ਕਹਿੰਦੇ, ਪਹਿਲਾ ਕੰਮ ਕੀਤਾ, ਜਨਾਨੀ ਨੂੰ ਪੁੱਛਿਆ, ਜਾਵਾਂ। ਖੁਸ਼ੀ ਹੈ ਤੇਰੀ। ਮਾਇਆ ਤਾਂ ਹੈ ਸੀ, ਬੱਚਿਆਂ ਦੀ ਪੜ੍ਹਾਈ ਦਾ ਪ੍ਰਬੰਧ ਕੀਤਾ। ਤੀਜਾ ਕੰਮ ਲਿਖਿਆ ਹੈ, ਪਤਨੀ ਦਾ ਗੁਜ਼ਾਰਾ ਕਿੱਥੋਂ ਹੋਣਾ ਹੈ, ਉਸ ਦਾ ਪ੍ਰਬੰਧ ਕੀਤਾ। ਚੌਥੀ ਚੀਜ਼ ਲਿਖੀ ਹੈ ਕਿ ਸਪੁਰਦੀ ਸਹੁਰਿਆਂ ਨੂੰ ਦਿੱਤੀ ਕਿ ਤੁਸੀਂ ਧਿਆਨ ਰੱਖਣਾ ਹੈ। ਪੰਜਵਾਂ ਲਿਖਿਆ ਹੈ ਕਿ ਇੱਕ ਨੌਕਰ ਪਤਨੀ ਨੂੰ ਦੇ ਦਿੱਤਾ ਤੇ ਇੱਕ ਨੌਕਰ ਨਾਲ ਲੈ ਗਏ, ਸ੍ਰੀ ਅਨੰਦਪੁਰ ਸਾਹਿਬ। ਇਹ ਚੀਜ਼ਾਂ ਕੰਮ ਆਉਣ ਵਾਲੀਆਂ ਹਨ। ਘਰ ਵੀ ਸੰਭਾਲ ਰਹੇ ਹਨ ਤੇ ਅਗਲੀਆਂ ਮੰਜ਼ਿਲਾਂ ਜਿਹੜੀਆਂ ਹਨ, ਉਹ ਪ੍ਰਾਪਤ ਕਰਨ ਲਈ ਹੁਣ ਚਲੇ ਹਨ।

***ਦੇਖੁ ਫਰੀਦਾ ਜੁ ਥੀਆ ਦਾੜੀ ਹੋਈ ਭੂਰ ॥***
***ਅਗਹੁ ਨੇੜਾ ਆਇਆ ਪਿਛਾ ਰਹਿਆ ਦੂਰਿ ॥੯॥***
*(ਅੰਗ ੧੩੭੮)*

ਹੁਣ ਰਹਿਬਰ ਨੂੰ ਮਿਲੀਏ। ਉਧਰ ਜਾਈਏ। ਔਰ ਸੰਗਤ ਜੀ, ਭਾਈ ਨੰਦ ਲਾਲ ਜੀ ਲਾਹੌਰ ਤੋਂ ਹੁੰਦੇ ਹੋਏ ਇਤਿਹਾਸਕਾਰਾਂ ਨੇ ਲਿਖਿਆ ਹੈ,

ਅੰਮ੍ਰਿਤਸਰ ਵੀ ਆਏ ਤੇ ਸੱਚਖੰਡ ਸ੍ਰੀ ਦਰਬਾਰ ਸਾਹਿਬ ਕੀਰਤਨ ਵੀ ਸੁਣਿਆ। ਸੱਚਖੰਡ ਸ੍ਰੀ ਦਰਬਾਰ ਸਾਹਿਬ ਕੀਰਤਨ ਸੁਣ ਕੇ ਵੈਰਾਗ ਹੋਰ ਵੱਧ ਗਿਆ। ਇੱਥੋਂ ਸ੍ਰੀ ਅਨੰਦਪੁਰ ਸਾਹਿਬ ਜਾ ਰਹੇ ਹਨ। ਵੈਰਾਗ ਹੋਰ ਵੱਧ ਗਿਆ ਤੇ ਜਦੋਂ ਸ੍ਰੀ ਅਨੰਦਪੁਰ ਸਾਹਿਬ ਪਹੁੰਚੇ ਤਾਂ ਸੋਚਿਆ ਜਦੋਂ ਮੇਰੇ ਮਤ ਵਾਲਾ ਕੈਂਠੀ ਪਾਉਣ ਲੱਗਾ ਸੀ ਤੇ ਮੈਂ ਆਖਿਆ ਸੀ, ਅੰਤਰਯਾਮੀ ਕੋਲ ਜਾਣਾ ਹੈ ਤੇ ਕਹਿੰਦੇ, ਹੁਣ ਮੈਂ ਸ੍ਰੀ ਅਨੰਦਪੁਰ ਸਾਹਿਬ ਨਹੀਂ ਜਾਣਾ। ਜੇ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅੰਤਰਯਾਮੀ ਹਨ ਤਾਂ ਮੈਨੂੰ ਆਪ ਆਪਣੇ ਕੋਲ ਬੁਲਾਉਣਗੇ। ਮਾਇਆ ਤਾਂ ਹੈ ਸੀ ਤੇ ਸ੍ਰੀ ਅਨੰਦਪੁਰ ਸਾਹਿਬ ਤੋਂ ਥੋੜ੍ਹੀ ਦੂਰ ਜਗ੍ਹਾ ਲੈ ਕੇ ਆਸਣ ਲਗਾ ਲਿਆ ਤੇ ਮਨ ਅੰਦਰ ਇਹ ਰੱਖ ਲਿਆ ਕਿ ਜੇ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਅੰਤਰਯਾਮੀ ਹਨ ਤੇ ਆਪ ਬੁਲਾਉਣਗੇ। ਗੁਰੂ ਸਾਹਿਬ ਦਾ ਆਸਣ ਲਗਾਇਆ, ਜਲ ਵਗੇ ਨੇਤਰਾਂ ਵਿੱਚੋਂ। ਕਦੋਂ ਤੁਹਾਡਾ ਸੁਨੇਹਾ ਆਵੇਗਾ? ਕਦੋਂ ਸੁਨੇਹਾ ਮਿਲੇਗਾ? ਨਾਲ ਮਨ ਵਿੱਚ ਇਹ ਵੀ ਆਵੇ ਪਤਾ ਨਹੀਂ ਮੈਂ ਬੇਅਦਬੀ ਕਰ ਬੈਠਾ ਹਾਂ।

ਭਾਈ ਨੰਦ ਲਾਲ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਤੋਂ ਮੀਲ ਕੁ ਦੂਰ ਜਗ੍ਹਾ ਲੈ ਲਈ। ਮਾਇਆ ਤਾਂ ਹੈ ਸੀ। ਨੌਕਰ ਵੀ ਸੇਵਾ ਵਾਲਾ ਸੀ। ਉਹ ਵੀ ਜੁੜਿਆ ਹੋਇਆ ਸੀ। ਇੱਥੋਂ ਤੱਕ ਕਿ ਭਾਈ ਨੰਦ ਲਾਲ ਜੀ ਦੀਆਂ ਅੱਖਾਂ ਵਿੱਚੋਂ ਅੱਥਰੂ ਕਿਰਦੇ ਹਨ, ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਕਦੋਂ ਬੁਲਾਓਗੇ? ਮੈਂ ਪਤਾ ਨਹੀਂ ਫੈਸਲਾ ਗਲਤ ਲੈ ਬੈਠਾ ਹਾਂ। ਤੁਹਾਡਾ ਇਮਤਿਹਾਨ ਲੈ ਬੈਠਾ ਹਾਂ ਕਿ ਅੰਤਰਯਾਮੀ ਹੋ ਤੇ ਆਪੇ ਸੱਦੋ। ਨੌਕਰ ਨੇ ਕਹਿਣਾ, ਕੋਈ ਦੁਖ ਹੈ, ਤੁਹਾਨੂੰ। ਕਿਉਂ ਰੋ ਰਹੇ ਹੋ? ਭਾਈ ਨੰਦ ਲਾਲ ਜੀ ਨੇ ਕਹਿਣਾ ਕਿ ਇਹ ਦੁਖ ਸੁਖਦਾਇਕ ਹੈ। ਮੈਨੂੰ ਦੁਖ ਨਹੀਂ ਹੈ, ਪ੍ਰੀਤਮ ਦੇ ਪਿਆਰ ਦਾ ਦੁਖ ਹੈ। ਉਸ ਵੇਲੇ ਦੀਆਂ ਪੁਕਾਰਾਂ ਦੇ ਦਰਸ਼ਨ ਕਰਨਾ ਜੀ :

***ਮਨਿ ਬੈਰਾਗੁ ਭਇਆ ਦਰਸਨੁ ਦੇਖਣੈ ਕਾ ਚਾਉ ॥***

*(ਅੰਗ ੫੦)*

***ਕਰਮਹੀਣ ਧਨ ਕਰੈ ਬਿਨੰਤੀ ਕਦਿ ਨਾਨਕ ਆਵੈ ਵਾਰੀ ॥***

*(ਅੰਗ ੬੫੯)*

ਬੜਾ ਹੀ ਵੈਰਾਗ। ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮੇਵੜੇ ਨੂੰ ਬੁਲਾਇਆ। ਉਸ ਨੂੰ ਬੁਲਾ ਕੇ ਉਮਰ ਦੱਸੀ, ਟਿਕਾਣਾ ਦੱਸਿਆ, ਨਾਂ ਦੱਸਿਆ। ਇਹ ਟਿਕਾਣੇ, ਇਸ ਨਾਂ ਦਾ ਬੰਦਾ ਬੈਠਾ ਹੈ। ਜਾ ਉਸ ਨੂੰ ਬੁਲਾ ਕੇ ਲਿਆ। ਕਹਿ, ਅਸੀਂ ਯਾਦ ਕਰ ਰਹੇ ਹਾਂ। ਉਹ ਕਿਵੇਂ ਪਹੁੰਚਿਆ? ਸੁਨੇਹਾ ਸੁਣ ਕੇ ਇਨ੍ਹਾਂ ਦੀ ਹਾਲਤ ਕੀ ਹੋਈ? ਕਿਹੜੀ ਕਿਹੜੀ ਚੀਜ਼ ਹੱਥ ਵਿੱਚ ਲਈ ਤੇ ਮਹਾਰਾਜ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲ ਗਏ। ਇਹ ਵੀ ਲਿਖਿਆ ਹੈ। ਇਹ ਅਗਲੀ ਵਾਰੀ ਗੁਰੂ ਸਾਹਿਬ ਸੇਵਾ ਲੈਣ। ਜਦੋਂ ਗਏ, ਤੁਹਾਨੂੰ ਇੰਨਾ ਅਨੰਦ ਆਵੇਗਾ, ਕੁਝ ਹੋਣਾ ਸ਼ੁਰੂ ਹੋ ਜਾਂਦਾ ਹੈ। ਜਦੋਂ ਭਾਈ ਨੰਦ ਲਾਲ ਜੀ ਗਏ ਤੇ ਉਦੋਂ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਕੀ ਕਰ ਰਹੇ ਸਨ? ਕੀ ਹੋ ਰਿਹਾ ਸੀ? ਇਹ ਗੁਰੂ ਸਾਹਿਬ ਦੀ ਕਿਰਪਾ ਨਾਲ ਅਗਲੀ ਵਾਰ ਵਿਚਾਰ ਕਰਾਂਗੇ। ਆਓ ਜੀ ਇਹ ਪੰਕਤੀਆਂ ਪੜ੍ਹੀਏ ਤੇ ਫਿਰ ਸਮਾਪਤੀ ਹੈ :

***ਗੁਰਮੁਖਿ ਪਰਉਪਕਾਰੀ ਵਿਰਲਾ ਆਇਆ।***
***ਗੁਰਮੁਖਿ ਸੁਖ ਫਲੁ ਪਾਇ ਆਪੁ ਗਵਾਇਆ।***

*(ਵਾਰ ੧੯, ਪਉੜੀ ੧੨)*

***

ਬੱਚਿਆਂ ਲਈ ਵਿਸ਼ੇਸ਼

## ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400 ਸਾਲਾ ਪਾਵਨ ਪ੍ਰਕਾਸ਼ ਦਿਵਸ ਨੂੰ ਸਮਰਪਿਤ ਨਵੀਂ ਲਹਿਰ

# 400 ਸਾਲ ਗੁਰ ਇਤਿਹਾਸ ਦੇ ਨਾਲ

ਸਤਿਗੁਰੂ ਜੀ ਦੀ ਕਿਰਪਾ ਨਾਲ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੇ 400 ਸਾਲਾ ਪਾਵਨ ਪ੍ਰਕਾਸ਼ ਦਿਵਸ ਦੇ ਸੰਬੰਧ ਵਿੱਚ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਵੱਲੋਂ ਨਵੀਂ ਲਹਿਰ **"400 ਸਾਲ ਗੁਰ ਇਤਿਹਾਸ ਦੇ ਨਾਲ"** ਸਿਫਤਿ ਸਾਲਾਹ ਵਿੱਚ ਅੰਕ 136 ਤੋਂ ਸ਼ੁਰੂ ਕੀਤੀ ਗਈ ਹੈ ਜਿਸ ਵਿੱਚ ਗੁਰੂ ਸਾਹਿਬਾਨਾਂ, ਸ਼ਹੀਦ ਸਿੰਘਾਂ ਅਤੇ ਗੁਰੂ ਕੇ ਪਿਆਰਿਆਂ ਦੇ ਜੀਵਨ ਵਿੱਚੋਂ ਪ੍ਰਸ਼ਨ-ਉੱਤਰ ਦੇ ਰੂਪ ਵਿੱਚ ਆਪਣੇ ਗੌਰਵਮਈ ਸਿੱਖ ਇਤਿਹਾਸ ਤੋਂ ਬੱਚਿਆਂ ਨੂੰ ਜਾਣੂੰ ਕਰਵਾਇਆ ਜਾਵੇਗਾ ਤਾਂ ਕਿ ਉਹ ਇਸ ਤੋਂ ਜਾਣੂ ਹੋ ਕੇ ਸੇਧ ਲੈ ਸਕਣ। ਆਪ ਜੀ ਅਸੀਸ ਦੇਣਾ ਤਾਂ ਕਿ ਇਹ ਸੇਵਾ ਹੋ ਸਕੇ।

***ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-***

**49. ਪ੍ਰ: ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਪੁੱਤਰ ਦੀ ਦਾਤ ਲੈਣ ਲਈ ਆਪਣੇ ਮਹਿਲ ਧੰਨ ਧੰਨ ਮਾਤਾ ਗੰਗਾ ਜੀ ਨੂੰ ਕਿੰਨ੍ਹਾਂ ਕੋਲ ਅਤੇ ਕਿਸ ਜਗ੍ਹਾ ਭੇਜਿਆ?**

ਉ: ਧੰਨ ਧੰਨ ਬਾਬਾ ਬੁੱਢਾ ਸਾਹਿਬ ਜੀ ਕੋਲ ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਜੀ ਪਿੰਡ ਝਬਾਲ ਵਿਖੇ ਭੇਜਿਆ।

ਧੰਨ ਧੰਨ ਮਾਤਾ ਗੰਗਾ ਜੀ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੀ ਪ੍ਰੇਰਨਾ ਨਾਲ ਧੰਨ ਧੰਨ ਬਾਬਾ ਬੁੱਢਾ ਸਾਹਿਬ ਜੀ ਕੋਲ ਗਏ। ਭਾਈ ਵੀਰ ਸਿੰਘ ਜੀ ਨੇ ਸ੍ਰੀ ਅਸ਼ਟ ਗੁਰ ਚਮਤਕਾਰ ਵਿੱਚ ਬੜਾ ਸੁੰਦਰ ਲਿਖਿਆ ਹੈ ਕਿ ਮਾਤਾ ਜੀ ਆਪ ਅੰਨ ਪੀਹ, ਮਿੱਸੀਆਂ ਰੋਟੀਆਂ ਪਕਾ, ਲੱਸੀ ਰਿੜਕ, ਰੁਪੇ (ਪਿਆਜ਼) ਧਰ, ਆਪ ਸਿਰ ਤੇ ਚੁੱਕ ਕੇ ਪੈਦਲ ਜੂਹ ਵਿੱਚ ਬਾਬਾ ਬੁੱਢਾ ਸਾਹਿਬ ਜੀ ਪਾਸ ਲੈ ਕੇ ਗਏ। ਅੱਗੋਂ ਬਾਬਾ ਬੁੱਢਾ ਸਾਹਿਬ ਜੀ ਧੰਨ ਧੰਨ ਮਾਤਾ ਗੰਗਾ ਜੀ ਨੂੰ ਬੜੀ ਨਿਮਰਤਾ ਨਾਲ ਕਹਿਣ ਲੱਗੇ, ਮਾਤਾ ਜੀ ਅੱਜ ਕਿੰਨੀ ਦਇਆ ਕੀਤੀ ਹੈ। ਬਹੁਤ ਭੁੱਖ ਲੱਗੀ ਸੀ। ਬਾਬਾ ਜੀ ਮਾਤਾ ਜੀ ਦੇ ਹੱਥੋਂ ਮਿੱਸੇ ਪ੍ਰਸ਼ਾਦੇ ਫੜ ਕੇ ਛਕਣ ਲੱਗੇ ਤੇ ਜਦੋਂ ਆਪਣੇ ਹੱਥ ਦੀ ਤਲੀ ਤੇ ਰੱਖ ਕੇ ਪਿਆਜ਼ ਭੰਨਣ ਲੱਗੇ ਤਾਂ ਮੁੱਖ 'ਚੋਂ ਭੋਲੇ ਭਾਅ ਬਚਨ ਕਰ ਦਿੱਤਾ, ਮਾਤਾ ਜੀ ਜਿਸ ਤਰ੍ਹਾਂ ਅਸੀਂ ਪਿਆਜ਼ ਭੰਨ ਰਹੇ ਹਾਂ, ਇਸ ਤਰ੍ਹਾਂ ਜ਼ਾਲਮਾਂ ਦਾ ਸਿਰ ਭੰਨਣ ਵਾਲਾ, ਮਹਾਂਬਲੀ ਯੋਧਾ, ਧਰਮ ਦਾ ਰਖਸ਼ਕ ਪੁੱਤਰ ਤੁਹਾਡੀ ਕੁੱਖ ਨੂੰ ਭਾਗ ਲਗਾਉਣ ਲਈ ਅਕਾਲ ਪੁਰਖ ਤੁਹਾਨੂੰ ਬਖਸ਼ੇਗਾ।

ਭਾਈ ਗੁਰਦਾਸ ਜੀ ਨੇ ਛੇਵੇਂ ਪਾਤਸ਼ਾਹ ਜੀ ਦੇ ਆਗਮਨ ਤੇ ਬੜਾ ਸੁੰਦਰ ਲਿਖਿਆ ਹੈ:

***ਦਲ ਭੰਜਨ ਗੁਰ ਸੂਰਮਾ ਵਡ ਜੋਧਾ ਬਹੁ ਪਰ ਉਪਕਾਰੀ।***

*(ਵਾਰ ੧, ਪਉੜੀ ੪੮)*

ਸਾਡੇ ਪਿਆਰੇ ਸਤਿਗੁਰੂ, ਨਿਮਾਣਿਆਂ ਦੀ ਲਾਜ ਰੱਖਣ ਵਾਲੇ, ਪ੍ਰੇਮ ਤੇ ਦਇਆ ਦੀ ਮੂਰਤਿ ਸਤਿਗੁਰੂ ਧੰਨ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਮਹਾਰਾਜ।

***

**50. ਪ੍ਰ: ਸਿੱਖ ਧਰਮ ਵਿੱਚ ਮੁਗਲਾਂ ਨਾਲ ਸਭ ਤੋਂ ਪਹਿਲੀ ਜੰਗ ਕਿਹੜੇ ਗੁਰੂ ਸਾਹਿਬ ਜੀ ਦੇ ਸਮੇਂ ਹੋਈ ਅਤੇ ਇਸ ਸਮੇਂ ਉੱਥੇ ਕਿਹੜਾ ਅਸਥਾਨ ਸੁਸ਼ੋਭਿਤ ਹੈ?**

ੳ: ਛੇਵੇਂ ਪਾਤਸ਼ਾਹ ਧੰਨ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਮਹਾਰਾਜ ਦੇ ਸਮੇਂ ਮੁਗਲਾਂ ਨਾਲ ਪਹਿਲੀ ਜੰਗ ਗੁਰਦੁਆਰਾ ਕਿਲ੍ਹਾ ਸ੍ਰੀ ਲੋਹਗੜ੍ਹ ਸਾਹਿਬ (ਸ੍ਰੀ ਅੰਮ੍ਰਿਤਸਰ ਸਾਹਿਬ) ਵਿਖੇ ਹੋਈ।

1618 ਈਸਵੀ ਨੂੰ ਛੇਵੇਂ ਪਾਤਸ਼ਾਹ ਜੀ ਨੇ ਸਿੱਖ ਧਰਮ ਦਾ ਪਹਿਲਾ ਕਿਲ੍ਹਾ ਲੋਹਗੜ੍ਹ ਤਿਆਰ ਕੀਤਾ। 1629 ਈਸਵੀ ਵਿੱਚ ਸ਼ਾਹ ਜਹਾਨ ਦਾ ਸੈਨਾਪਤੀ ਮੁਖਲਿਸ ਖਾਨ ਬਾਜ਼ ਦੇ ਝਗੜੇ ਨੂੰ ਲੈ ਕੇ ਚੜ੍ਹਾਈ ਕਰਕੇ ਆਇਆ। ਛੇਵੇਂ ਪਾਤਸ਼ਾਹ ਜੀ ਨੇ ਆਪਣੇ ਬਹਾਦਰ ਅਤੇ ਸੂਰਬੀਰ ਸਿੱਖਾਂ ਸਮੇਤ ਮੁਖਲਿਸ ਖਾਲ ਨਾਲ ਟੱਕਰ ਲਈ। ਪਿੰਡ ਕੋਹਾਲਾ ਤੋਂ ਖਾਲਸਾ ਕਾਲਜ, ਪਿਪਲੀ ਸਾਹਿਬ ਅਤੇ ਲੋਹਗੜ੍ਹ ਮੈਦਾਨ-ਏ-ਜੰਗ ਬਣ ਗਿਆ। ਗੁਰੂ ਸਾਹਿਬ ਜੀ ਨੇ ਲੋਹਗੜ੍ਹ ਕਿਲ੍ਹੇ ਵਿਖੇ ਲੱਕੜ ਦੀ ਬੇਰੀ ਵਿੱਚ ਮਘੋਰਾ ਕਰਕੇ ਬਰੂਦ ਭਰ ਕੇ ਤੋਪ ਵਾਂਗ ਚਲਾਇਆ। ਪੈਂਦੇ ਖਾਨ ਅਤੇ ਭਾਈ ਬਿੱਧੀ ਚੰਦ ਜੀ ਨੇ ਮੁਖਲਿਸ ਖਾਨ ਨੂੰ ਮਾਰ ਮੁਕਾਇਆ ਤੇ ਇਸ ਜੰਗ ਵਿੱਚ ਗੁਰੂ ਸਾਹਿਬ ਜੀ ਦੀ ਜਿੱਤ ਹੋਈ। ਇਸ ਅਸਥਾਨ ਤੇ ਗੁਰਦੁਆਰਾ ਕਿਲ੍ਹਾ ਸ੍ਰੀ ਲੋਹਗੜ੍ਹ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸੁਭਾਇਮਾਨ ਹੈ। 25 ਜੇਠ ਨੂੰ ਹਰ ਸਾਲ ਇਹ ਦਿਹਾੜਾ ਇਸ ਅਸਥਾਨ ਤੇ ਫਤਹਿ ਦਿਵਸ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ।

---

*ਪੰਨਾ 20 ਦਾ ਬਾਕੀ ਹਿੱਸਾ—*

ਆ ਗਿਆ ਅਤੇ ਕਹਿਣ ਲੱਗਾ ਕਿ ਬਾਬਾ ਜੀ ਅਜੇ ਤਾਂ ਤੁਸਾਂ ਨੇ ਇਹ ਕਾਰ ਹੀ ਵੇਖੀ ਹੈ, ਪਰ ਜਿਹੜਾ ਰੇਲ ਦਾ ਡੱਬਾ ਸਜਾਇਆ ਗਿਆ ਹੈ ਉਹ ਇਸ ਕਾਰ ਨਾਲੋਂ ਵੀ ਬਹੁਤ ਜ਼ਿਆਦਾ ਸੋਹਣਾ ਸਜਾਇਆ ਗਿਆ ਹੈ। ਤੁਸੀਂ ਦੇਖੋਗੇ ਤਾਂ ਹੈਰਾਨ ਰਹਿ ਜਾਵੋਗੇ। ਹੁਣ ਹਉਮੈ ਮਹਾਂਪੁਰਸ਼ਾਂ ਨੂੰ ਨਹੀਂ ਭਾਉਂਦੀ। ਬਾਬਾ ਜੀ ਨੇ ਇੱਕ ਪਾਸੇ ਹੋ ਕੇ ਹੌਲੀ ਜਿਹੀ ਮਧਸੂਦਨ ਕਵੀ ਜੀ ਨੂੰ ਸੱਦਾ ਭੇਜਿਆ, ਉਹ ਜਦੋਂ ਆਏ ਤਾਂ ਕਿਹਾ ਕਵੀ ਜੀ ਕੋਈ ਕਾਰ ਹੈਗੀ ਹੈ। ਕਵੀ ਜੀ ਕਹਿਣ ਲੱਗੇ, ਬਾਬਾ ਜੀ ਕਾਰ ਤਾਂ ਹੈਗੀ ਹੈ, ਪਰ ਬਹੁਤੀ ਚੰਗੀ ਨਹੀਂ, ਮਾਮੂਲੀ ਜਿਹੀ ਹੈ। ਬਾਬਾ ਜੀ ਕਹਿਣ ਲੱਗੇ ਕੋਈ ਗੱਲ ਨਹੀਂ ਸਭ ਠੀਕ ਹੈ। ਬਾਬਾ ਜੀ ਦੂਸਰੇ ਰਸਤੋ 'ਚੋਂ ਨਿਕਲ ਕੇ ਉਸ ਕਾਰ ਵਿੱਚ ਬੈਠ ਕੇ ਰੋਹਤਕ ਪਹੁੰਚ ਗਏ। ਦਿੱਲੀ ਦੀ ਸੰਗਤ ਉਡੀਕਦੀ ਹੀ ਰਹਿ ਗਈ। ਜਿਸ ਤਰ੍ਹਾਂ ਬਾਬਾ ਨੰਦ ਸਿੰਘ ਜੀ ਨੂੰ ਬਹੁਤੀ ਆਉ ਭਗਤ ਪਸੰਦ ਨਹੀਂ ਸੀ, ਇਸੇ ਤਰ੍ਹਾਂ ਬਾਬਾ ਕੁੰਦਨ ਸਿੰਘ ਜੀ ਨੂੰ ਬਹੁਤੀ ਵਡਿਆਈ ਪਸੰਦ ਨਹੀਂ ਸੀ।

*-ਯੁੱਗ ਜੋਗੀ ਪੁਸਤਕ ਵਿੱਚੋਂ ਧੰਨਵਾਦ ਸਹਿਤ*

***

---

## ਅਨਮੋਲ ਵੀਚਾਰ

*—ਭਾਈ ਰੇਸ਼ਮ ਸਿੰਘ (ਸੁਖਮਨੀ ਸੇਵਾ ਵਾਲੇ)*

**ਜਿਵੇਂ ਇੱਕ ਜਗਦੇ ਹੋਏ ਦੀਵੇ ਤੋਂ ਹਜ਼ਾਰਾਂ ਹੀ ਦੀਵੇ ਜਗ ਜਾਂਦੇ ਹਨ, ਇਸੇ ਤਰ੍ਹਾਂ ਇੱਕ ਰੱਬੀ ਨਾਮ ਨਾਲ ਜਗਿਆ ਹੋਇਆ ਅਭਿਆਸੀ ਸਿੱਖ, ਹੋਰ ਹਜ਼ਾਰਾਂ ਮਨੁੱਖਾਂ ਦੇ ਹਿਰਦਿਆਂ ਅੰਦਰ ਵੀ ਨਾਮ ਦੇ ਦੀਵੇ ਜਗਾ ਦਿੰਦਾ ਹੈ।**

# ਅਨਮੋਲ ਬਚਨ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ:-

## ਧੰਨ ਧੰਨ ਬਾਬਾ ਨੰਦ ਸਿੰਘ ਜੀ

ਸੰਗ੍ਰਹਿ ਕਰਤਾ-ਸੰਪਾਦਕ

306 ਕਲਿਜੁਗ ਦੇ ਸਾਰੇ ਸਾਧਨ ਅੱਗ ਰੂਪ ਹਨ, ਕੇਵਲ ਸੇਵਾ ਸਿਮਰਨ ਹੀ ਮਨ ਨੂੰ ਠੰਡਕ ਦਿੰਦੇ ਹਨ।

307 ਸਿੱਖ ਖਾਣ-ਪੀਣ, ਬੋਲਣ-ਚਾਲਣ ਅਤੇ ਸੌਣ ਵਿੱਚ ਸੰਜਮੀ ਹੋਵੇ ਰੱਬ ਦੀਆਂ ਗੱਲਾਂ ਐਵੇ ਹੀ ਨਾ ਕਰੇ।

## ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣੇ ਵਾਲੇ

ਇਸ ਜੀਭ ਦੇ ਉੱਪਰ ਨਾਮ ਨੂੰ ਰੱਖੋ, ਕਦੇ ਜ਼ਿੰਦਗੀ ਵਿੱਚ ਤੁਹਾਡਾ ਅੰਦਰ ਟੁੱਟੇਗਾ ਨਹੀਂ।

## श्री गुरु नानक देव जी के स्कूल की तीसरी क्लास

# दो सिक्खों के जीवन में से श्री गुरु अर्जुन देव जी ने किस युक्ति से झूठ छुड़वाया?

*–जसविन्द्र सिंघ (पटियाला)*

सारी संगत पत्ते–पत्ते में बसने वाले, धन्य श्री गुरु गोबिंद सिंघ जी महाराज के चरणों का ध्यान धर कर बोलो जी सतिनामु श्री वाहिगुरु। कलगीधर पिता जी की दुनियावी उम्र 42 साल, उस उम्र में आपको मुझे ऐसी सड़क पातशाह जी ने प्रदान की, कौन–सी? जो सड़क सीधा सचखण्ड को जाती है। दुनियावी स्कूल में दूसरी क्लास वाला बच्चा तीसरी में जाएगा। तीसरी वाला बच्चा चौथी क्लास में जाएगा, पर धन्य श्री गुरु नानक देव जी के स्कूल में निर्मल डर रखना, निर्मल भय रखना है। यहाँ डबल एम.ए. तक पहुँचा हुआ भी नर्सरी क्लास में गिर सकता है। बाकी किसी समय गिर भी जाओ तो बाबे के चरणों को छोड़ना मत। अपने बाबे के चरण पकड़ कर रखने हैं। गुरबाणी पढ़ते समय आपकी बाणी रसना से चले, ऊचे स्वर में बोल कर पढ़ रहे हो तो पढ़ते जाओ। गुरबाणी सुरति में चले, चलाते जाओ। अब कहीं सुरति में चलना बंद हो गई है, कोई बात नहीं, रसना पर आ जाओ। बाबे के चरणों को मत छोड़ना। विनती करनी है, लेकिन जिस अवस्था में हो, चलते जाना है, रुकना नहीं। उस मंजिल की तरफ चलने से उसका एक पल में ऐसा तरस हो सकता है। इसको पांचवी कक्षा में गिरा दिया है तो भी चला है। नर्सरी क्लास में गिरा दिया है तो भी चला है। फिर जिस दिन गुर साहिब तरस में आ जाए तो नर्सरी क्लास में से उठा कर डबल एम.ए. में फिर भेज सकता है। यह उसके स्कूल की निराली बातें हैं। अन्य स्कूलों से विशेष। यह निर्मल भय रखना है। **धन्य श्री गुरु नानक देव जी के स्कूल की पहली क्लास गुरबाणी पढ़ने के लिए अंदर उद्यम आ जाता है।** यह हमारी पहली क्लास है। अभी यह नहीं पता कि गुरबाणी के अर्थ क्या हैं, पर उद्यम आ गया है कि गुरबाणी को पढ़ना है। दाखिला हो गया है। शुरुआत हो गई। यह पहली क्लास है। गुरबाणी पढ़ना।

कुछ समय पहले अहमदगढ़ मण्डी नामक एक शहर है। वहाँ से एक दम्पति आया, कोई दुनियावी बात करने के लिए। जब दास ने उस स्त्री व उसके पति को पूछा कि आपका नित्तनेम क्या है? 30–32 साल का वह नवयुवक कहने लगा, मैंने नेम कभी किया ही नहीं। दास ने कहा कि जपु जी साहिब एक पाठ करते हो या नहीं।

वह मुस्कुरा दिया। कहने लगा, वह भी कभी नहीं किया। दास ने सोचा हद हो गई। यह व्यक्ति नर्सरी क्लास में भी दाखिल नहीं हुआ। फिर दास ने उस को पूछा कि गुटका साहिब से पाठ कर लेते हो। कहने लगा, हाँ कर लेता हूँ। दास ने कहा कि ज़ोर से नहीं, प्रेरणा से विनती कर रहा हूँ। दास ने कहा शुरु–शुरु में एक पाठ करते आपको 15–20 मिनट भी लग जाएं पर ये पाठ रोज करोगे? उसने स्वीकृति दे दी और दास के मन को यूं महसूस हुआ कि आज पहली क्लास में चला गया है। गुरबाणी पढ़ने की शुरुआत हुई है। इस समय दीवान में जितनी संगत बैठी है, आप सब पर कृपा है और किसी नर्सरी क्लास वाले को देखकर कहीं अहंकार न पैदा हो जाए। अपितु शुक्राना करना है सच्चे पातशाह! यह तेरा तरस है। मेरे धन्य श्री गुरु नानक देव जी महाराज मुस पर दया बनाए रखना। तेरी गुरबाणी पढ़ते मेरा मन कहीं फीका न पड़े। भक्ति फीकी न हो। यह पहली क्लास, गुरबाणी पढ़ने के लिए उद्यम करना। अभी अर्थ नहीं पता। अन्य कुछ भी मालूम नहीं। अभी रस नहीं पता। यह पहली क्लास है।

धन्य श्री गुरु नानक देव जी के घर की **दूसरी क्लास मन शुद्ध हो जाता है, अच्छे व बुरे की पहचान हो जाती है।** अच्छा क्या है? बुरा क्या है। दास को एक शरीर कहने लगा, जो कारोबार हम करते हैं, उस में नकली सौदा भी आता है और हम ग्राहक को असली कह कर बेचते हैं। हमें पाप तो नहीं लगेगा। दास ने कहा कि कब से बेच रहे हो? कहने लगा, साढ़े चार साल से बेच रहे हैं। दास ने कहा कि तेरे मन में कभी ख्याल नहीं आया? कहने लगा, अब ख्याल आया जब से संगत करने लगा हूँ। अब ख्याल आया है कि नकली चीज को असली के रूप में कहीं बेचना पाप हो। इसको कहते हैं, मन शुद्ध हो गया। संगत में आने से अच्छे बुरे की पहचान हो गई है, पर अभी त्याग नहीं हुआ। वह शरीर कहने लगा कि संगत में आने से पहले मुझे अच्छे–बुरे की पहचान नहीं थी। धन्य श्री गुरु नानक देव जी के स्कूल में दाखिल ही नहीं था हुआ। फिर दास ने विनती की, नकली को नकली कह कर बेच और असली को असली कह कर बेच। मन में इतनी विल पावर रखना कि जो हमारा बाबा नानक पत्थर में कीड़े को रोटी दे सकता है तो हमें भी दे सकता है। सिर्फ विल पावर चाहिए।

दास को एक शरीर ने यह भी सवाल किया, कई कंपनियां सी.डी., वी.सी.डी., एम.पी. 3 निकालती हैं और उस पर पैसा लगा होता है, लाख दो लाख रुपया। उसकी कॉपी करके निकाल लें। यह काम कर लिया करें। दास ने विनती की, पाप पाप ही है। यह एक बड़ी खुशी की बात है कि आप पूछ रहे हो? यह काम करना ठीक है या नहीं। शुक्र है अच्छे–बुरे की पहचान तो हो गई है। ये क्लासें कहाँ से मिलती हैं, संगत में आकर।

***करि किरपा प्रभि साधसंगि मेली॥***
***जा फिरि देखा ता मेरा अलहु बेली॥३॥***

*(अंग ७६४)*

धन्य श्री गुरु नानक देव जी के घर की **तीसरी क्लास कि संगत करते–करते शुभ कामों की ओर प्रोत्साहन बढ़ता है और बुरे**

**कामों की ओर ध्यान कम होता है।** अभी पूरी तरह अच्छा नहीं बना पर यह काम शुरु हो गया। बुरे कामों की ओर ध्यान कम होना शुरु हो जाता है। दास ने सोचा कि साथ–साथ मोहर लग जाए और यह पंक्ति सुनना :

***सतसंगति सिउ मिलदो रहै सचे धरे पिआरु।।***

*(अंग १०८७)*

देख लो। आज तीसरी क्लास की मोहर लग गईः

***सतसंगति सिउ मिलदो रहै सचे धरे पिआरु।।***

*(अंग १०८७)*

संगत में आने से क्या होगा?

***विचहु मलु कटे आपणी कुला का करे उधारु।।***

*(अंग १०८७)*

आने से क्या होगा जो आप आज पढ़ सुन रहे हो। अच्छे कामों की ओर प्रोत्साहन बढ़ता जाएगा और बुरे कामों की ओर कम होता जाएगा। इसकी मैल धीरे–धीरे कम होना शुरु हो जाएगी।

***विचहु मलु कटे आपणी कुला का करे उधारु।।***

*(अंग १०८७)*

यह तीसरी क्लास। बहुत संगतें आप में से सवाल करती हैं कि हमारा बाणी पढ़ते, नाम जपते समय मन नहीं जुड़ता। संगत जी हमारे अंदर दो तह होती हैं। एक होती है पुण्य की और एक पाप की। जब आपकी पाप की तह ऊँची है और पुण्य की निम्न है तो आपका मन नहीं जुड़ेगा। कई कहते हैं, हमारा गुरबाणी पढ़ते मन नहीं जुड़ता। गुरबाणी पढ़ना छोड़ दें। दास विनती करता है कि गुरबाणी को पढ़ना नहीं छोड़ना, लगे रहो। एक दिन कृपा हो जाएगी, अच्छे कामों की ओर ध्यान बढ़ता जाएगा और बुरे कामों की ओर ध्यान कम होता जाएगा। गुरबाणी साथ चलती रहे तो क्या होता है? एक दिन आ जाता है, अच्छे कामों की ओर ध्यान बढ़ते–बढ़ते, बुरे कामों की ओर ध्यान कम होने से पुण्य की तह ऊँची हो जाती है और पापों की तह नीचे हो जाती है। पुण्य की तह ऊँची होने की देर है, आपका मन जुड़ना शुरु हो जाएगा। यह पक्की बात है। जब तक पाप की तह ऊँची है, मन नहीं जुड़ेगा। अच्छे कामों की तरफ ध्यान बढ़ाते जाओ, अन्यों को घटाते जाओ। एक दिन फिर ऐसा आएगा, मन जुड़ना शुरु हो जाएगा और भाई वीर सिंघ जी वाली अवस्था बन जाएगी, एक बार वाहिगुरु कहोगे तो छह बार वाहिगुरु स्वयं ही निकलेगा।

आपने एक नाम सुना होगा, बाबा हरनाम सिंघ जी रामपुर खेड़े वाले महापुरुषों का। उनके पास एक बीबी संगत करने वाली आती थी जिसका नाम आया है हरनाम कौर। उसने आकर महापुरुषों से विनती की, महापुरुषो, हम बाणी भी पढ़ते हैं पर परेशान भी बहुत हैं। महापुरुष मुस्कुरा दिए। यह क्या कह रही है? बाणी भी पढ़ते हैं और परेशान भी बहुत हैं। अब जो लिखा है, दास बता रहा है। महापुरुषों ने कहा, परेशानी क्या है? कहने लगी, हमारे घर के कई कपड़ों में छेद हो जाते हैं और कई कपड़ों को टुक लग जाता है। हम यूं समझते हैं कि हमारे घर पर कोई प्रहार कर रहा है, हमारे घर पर कोई इलम कर रहा है। हर तरफ से परेशान हैं। बाणी भी पढ़ते हैं। यह "से

किनेहिआ" किताब में जिक्र लिखा है। उस बीबी हरनाम कौर ने यहाँ तक भी कहा एक निष्काम सोसायटी है, श्री अखण्ड पाठ साहिब रखती है और महापुरुषों मैं वहाँ जाकर रोलें भी देती हूँ। कोई निष्काम सोसायटी होगी। वहाँ जाकर पाठ की रोलें भी देती हूँ और घर गुरबाणी भी पढ़ते हैं, पर घर में परेशानी भी बहुत है। दो मिनट सोचकर बाबा हरनाम सिंघ जी रामपुर खेड़े वाले कहने लगे, घर में मीट शराब का इस्तेमाल तो नहीं होता। ध्यान देना। यह प्रोबलम कई बार होती है। हमारे घरों में नेम है, दवा खा रहे हैं पर परहेज नहीं। महापुरुष कहते, घर में मीट शराब इसका इस्तेमाल तो नहीं? उस माता हरनाम कौर का जवाब था मैं नहीं खाती पर बाकी सारा परिवार खाता है। महापुरुषों ने वचन किया, जिस घर में दोनों वस्तुएँ हों फिर परेशानी कैसे दूर हो। दवा तो खा रहे हैं, पर परहेज नहीं। परेशानियाँ कैसे दूर हों। जी मार्ग बताओ। कहने लगे, यह बात तेरे परिवार से जुड़ी हुई है। अपने परिवार से पूछकर आओ कि इन दो चीजों का घर में से त्याग हो जाए। महापुरुषों का वचन पढ़कर दास हैरान हो गया। कहने लगे, मीट व शराब का घर में से त्याग कर दो, धन्य श्री गुरु नानक देव जी महाराज आपके घर में से परेशानियों को दूर कर देंगे। वह माता हरनाम कौर एक संगत करने से पहले तो अपनी मैल निवृत हो गई, मैं नहीं खाती पर परिवार खाता है। सच कहने की जुर्रत। थोड़ा–सा जिक्र और है। संगत करने से मन शुद्ध हो गया।

***सतसंगति सिउ मिलदो रहै सचे धरे पिआरु।।***
***विचहु मलु कटे आपणी कुला का करे उधारु।।***

*(अंग १०८७)*

जी सत्य वचन। कहते, यह समस्या तेरे परिवार से जुड़ी हुई है। जाओ पूछ लो। यह दोनों चीजें घर में से त्याग दो, धन्य श्री गुरु नानक देव जी महाराज तुम्हारे घर में से परेशानियां त्याग देंगे। पहली क्लास में दाखिल हुई है, गुरबाणी पढ़ रही है पर आज दूसरी क्लास में दाखिल हो गई, मन शुद्ध हो गया संगत करने से। तीसरी क्लास है, शुभ कर्मों की तरफ प्रोत्साहन बढ़े। फिर वह कहने लगी, अपने पुत्रों व पति से जाकर बात करती हूँ कि यदि ये छोड़ देंगे तो फिर यह परेशानियां नहीं रहेंगी। महापुरुषों का वचन है। इस तरह माता जब उठकर चलने लगी तो बाबा हरनाम सिंघ जी रामपुर खेड़े वालों ने माता को आवाज दी। कहने लगे, घर वालों से कैसे बात करोगी? वह स्त्री कहने लगी, आधे घण्टे में घर जाकर बात शुरु कर देती हूँ कि दोनों चीजों का त्याग करो। बाबा जी कहने लगे, फिर तो वे कभी भी नहीं मानने लगे। यह भी युक्ति है। बाबा जी ने कहा– हरनाम कौर माता, अगर अपने बच्चों व पति को एक अवगुण का ज्ञान करवाना है व शुभ कर्मों की ओर प्रेरणा देनी है तो पहले गुरु साहिब को साथ ले लो। क्या बात है। ये युक्तियां कहीं–कहीं मिलती हैं। इसको अब समझ लो। किसी को कुछ समझाना हो तो गुरु साहिब को साथ ले लो, फिर 101 प्रतिशत असर हो जाएगा। यदि अपने बल से समझाने लगे तो फिर शायद बात न बने। वह हरनाम कौर कहने लगी, बाबा जी, महापुरुषो, गुरु साहिब को साथ कैसे लेकर

जाऊँ। बाबा हरनाम सिंघ जी कहने लगे, चाहे बात शुरु कर लेना पर बात शुरु करने से पहले पाँच पाठ जपु जी साहिब के करके धन्य श्री गुरु गोबिंद सिंघ जी के चरणों में अरदास करके बात करना, धन्य श्री गुरु गोबिंद सिंघ जी महाराज तेरे साथ चलेंगे। कुर्बान जाएं उन पर जो विधि भी देते हैं। मन भी शुद्ध कर देते हैं यह सब कुछ संगत में आकर मिलता है, अच्छे–बुरे की पहचान। यह अंदर से कितनी बड़ी बात है। शेख फरीद जी का शब्द है, जो आपने आधार बनाया है:

*विधण खूही मुंध इकेली॥*
*ना को साथी ना को बेली॥*

*(अंग ७६४)*

यह जो संसार है, अंधकूप है। न कोई साथी और न कोई बेली। फिर समाधान बताया है, अरदास कर :

*करि किरपा प्रभि साधसंगि मेली॥*
*जा फिरि देखा ता मेरा अलहु बेली॥३॥*

*(अंग ७६४)*

संगत मिल गई और अल्लाह स्वयं ही मिल गया। कितनी बड़ाई संगत को। उन पर कुर्बान जाएं जो विधि भी देते हैं और मन भी शुद्ध कर देते हैं। कृपा हो जाती है। हमारे गुरु साहिब भी विधि देते रहे। धन्य श्री गुरु अर्जुन देव जी के पास दो चौधरी आए थे और हर अमावस पर आना, धन्य श्री गुरु अर्जुन देव जी के दर्शन करने। धन्य श्री गुरु अर्जुन देव जी ने पूछा, झूठ तो नहीं बोलते। यह अभी तीसरी क्लास में पढ़े ही नहीं थे। आते थे, उद्यम करते थे। यह दूसरी क्लास में दाखिल हो गए थे। मन शुद्ध हो गया था। गुरु साहिब कहने लगे, सुनते तो हो, कथा में कि झूठ नहीं बोलना चाहिए। महाराज जी कहते, फिर झूठ तो नहीं बोलते। जवाब में कहने लगे, महाराज जी, हम गांव के चौधरी हैं। यदि झूठ न बोले तो हमारा गुजारा ही नहीं। महाराज जी कहते:

*कूड़ु बोलि मुरदारु खाइ॥*

*(अंग १३६)*

एक झूठ पर एक मुर्दा खाना पड़ता है।

*कूड़ु बोलि मुरदारु खाइ॥*

*(अंग १३६)*

